# 16

# ਚਾਨਣ ਦੇ ਪੁੱਤਰਾਂ ਵਾਂਗ ਚੱਲੋ

## (5:7-14)

ਅਧਿਆਇ 4 ਤੋਂ 6 ਵਿਚ ਪੌਲੁਸ ਨੇ 5:7–14 ਵਿਚ ਤੀਜੀ ਵਾਰ ਅਫ਼ਸੀਆਂ ਨੂੰ ਖ਼ਾਸ ਤਰ੍ਹਾਂ ਨਾਲ ''ਚੱਲਣ'' ਦੀ ਅਦਾਇਤ ਕੀਤੀ। ਪ੍ਰੇਮ ਨਾਲ ਮਸੀਹੀ ਚਲਣ ਵਿਚ ਆਪਣੀ ਚਰਚਾ ਨੂੰ ਇਕ ਨਿਚੋੜ ਦੇ ਨਾਲ ਖ਼ਤਮ ਕੀਤਾ ਜੋ ਅਗਲੇ ਭਾਗ ਦੀ ਜਾਣ ਪਛਾਣ ਵੀ ਹੈ। ਮਸੀਹੀਅਤ ਨੂੰ ਅਫ਼ਸੁਸ ਦੇ ਲੋਕਾਂ ਦੀ ਪੁਰਾਣੀ ਜ਼ਿੰਦਗੀ ਨਾਲੋਂ ਫ਼ਰਕ ਦੱਸਦਿਆਂ ਉਸ ਨੇ ਚਾਨਣ ਦੇ ਪੁੱਤਰਾਂ ਵਾਂਗ ਚੱਲਣ ਲਈ ਹਨੇਰੇ ਵਿੱਚੋਂ ਮੁੜ ਆਉਣ ਦੀ ਚੁਣੌਤੀ ਦਿੱਤੀ।

### ਚਾਨਣ ਦਾ ਫ਼ਲ ਲਿਆਉਣਾ (5:7-10)

**[7]ਸੋ ਤੁਸੀਂ ਉਨ੍ਹਾਂ ਦੇ ਸਾਂਝੀ ਨਾ ਹੋਵੋ। [8]ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ। [9]ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿਚ ਹੈ। [10]ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।**

**ਆਇਤ 7.** ਜੋੜਨ ਵਾਲੇ ਸ਼ਬਦ **ਸੋ** ਨਾਲ ਸਾਫ਼ ਤੌਰ ਤੇ ਇਹ ਆਇਤ ਪਿਛਲੇ ਵਿਚਾਰ ਨਾਲ ਮਿਲਦੀ ਹੈ। ਪਰ NASB ਦੇ ਅਨੁਵਾਦਕਾਂ ਨੇ ਇਸ ਦੇ ਨਾਲ ਇਕ ਨਵਾਂ ਵਾਕ ਸ਼ੁਰੂ ਕਰ ਦਿੱਤਾ, ਜਿਹੜਾ ਆਇਤ 10 ਤਕ ਰਹਿੰਦਾ ਹੈ। ਖ਼ੁਦਾ ਦਾ ਕਹਿਰ ਉਨ੍ਹਾਂ ਲੋਕਾਂ ਉੱਤੇ ਡੋਲ੍ਹਿਆ ਜਾਂਦਾ ਹੈ ਜਿਹੜੇ ਸਰੀਰ ਦੇ ਪਾਪਾਂ ਵਿਚ ਲੱਗੇ ਹੋਏ ਹਨ, ਜਿਸ ਕਰਕੇ ਪੌਲੁਸ ਅਫ਼ਸੀਆਂ ਨੂੰ ਇਹ ਯਾਦ ਰੱਖਣ ਦੀ ਚਿਤਾਵਨੀ ਦੇ ਰਿਹਾ ਸੀ ਕਿ ਉਹ ਕੌਣ ਹਨ। ਉਸ ਨੇ ਉਨ੍ਹਾਂ ਨੂੰ ਦੂਜਿਆਂ ਨਾਲ ਪ੍ਰੇਮ ਕਰਕੇ ਖ਼ੁਦਾ ਅਤੇ ਮਸੀਹ ਦੀ ਰੀਸ ਕਰਨ ਲਈ ਆਖਿਆ। ਇਸ ਹਦਾਇਤ ਦੇ ਬਾਅਦ **ਉਨ੍ਹਾਂ ਦੇ ਸਾਂਝੀ ਨਾ ਹੋਵੋ,** ਸ਼ਬਦ ਆਉਂਦੇ ਹਨ।

> ਅਫ਼ਸੀਆਂ ਵਿਚ ਇੱਥੇ ਸੰਦਰਭ ਤੋਂ ਸਾਫ਼ ਹੋ ਜਾਂਦਾ ਹੈ ਕਿ ਜਿਹੜੀਆਂ ਗੱਲਾਂ ਇਸ ਵਿਚ ਹਨ ਉਹ ਗੈਰ ਕੌਮ ਲੋਕਾਂ ਦੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਤੋਂ ਆਮ ਫ਼ਾਸਲਾ ਨਹੀਂ ਬਲਕਿ ਇਸ ਦੇ ਅਨੈਤਿਕ ਪਹਿਲੂਆਂ ਤੋਂ ਖ਼ਾਸ ਤੌਰ ਤੇ ਜੁਦਾਈ ਹੈ। ਪਾਠਕ ਗੈਰ ਕੌਮਾਂ ਦੇ ਪਾਪਾਂ ਵਿਚ ਅਣਆਗਿਆਕਾਰੀ ਦੇ ਪੁੱਤਰ ਬਣ ਕੇ ਉਨ੍ਹਾਂ ਦੇ ਸਾਂਝੀ ਹੋਣਗੇ ਜਿਸ ਨਾਲ ਉਨ੍ਹਾਂ ਉੱਤੇ ਆਉਣ ਵਾਲੀ ਸਜ਼ਾ ਉਨ੍ਹਾਂ ਨੂੰ ਮਿਲ ਜਾਵੇ।[1]

**ਆਇਤ 8.** ਲਿਖਤ ਵਿਚ ਗੈਰ ਕੌਮਾਂ ਦੇ ਪਾਪਾਂ ਵਿਚ ਸਾਂਝੀ ਹੋਣ ਤੋਂ ਇਨਕਾਰ ਕਰਨ ਦਾ ਸਕਾਰਾਤਮਕ ਕਾਰਨ ਦਿੱਤਾ ਗਿਆ ਹੈ: **ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ।** ਮਸੀਹੀ ਲੋਕਾਂ ਵਿਚ ਉਸ ਨਾਲੋਂ ਕੁਝ ਫ਼ਰਕ ਸੀ ਜੋ ਉਹ ਖ਼ੁਦਾ ਦੀ ਸੰਤਾਨ ਬਣਨ ਤੋਂ ਪਹਿਲਾਂ ਸਨ। ਜੋ ਕੁਝ ਉਹ ਪਹਿਲਾਂ ਸਨ ਅਤੇ ਜੋ ਮਸੀਹ ਵਿਚ ਆਉਣ ਤੇ ਹੋ ਗਏ ਸਨ, ਉਸ ਵਿਚ ਫ਼ਰਕ ਨੂੰ ਖ਼ਤ ਵਿਚ ਪਹਿਲਾਂ ਸਮਝਾਇਆ ਗਿਆ ਸੀ

(ਵੇਖੋ 2:1–22)। ਚਾਨਣ (ਪਾਪ ਤੋਂ ਮੁਕਤੀ ਵਿਚ ਮਿਲਣ ਵਾਲੀ ਖ਼ੁਦਾ ਦੀ ਜ਼ਿੰਦਗੀ) ਅਤੇ ਹਨੇਰਾ (ਸ਼ੈਤਾਨ ਅਤੇ ਪਾਪ ਤੋਂ ਮਿਲਣ ਵਾਲੀ ਮੌਤ) ਵਿਚ ਫ਼ਰਕ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਆਮ ਤੌਰ ਤੇ ਵੇਖਿਆ ਜਾਂਦਾ ਹੈ।[2] ਚਾਨਣ ਅਤੇ ਹਨੇਰੇ ਵਿਚ ਫ਼ਰਕ ਮਨਬਦਲੀ ਦੇ ਸਬੰਧ ਵਿਚ ਵਿਖਾਇਆ ਗਿਆ ਹੈ (ਕੁਲੁੱਸੀਆਂ 1:12, 13; 1 ਪਤਰਸ 2:9)। ਅਫ਼ਸੀਆਂ ਵਿਚ ਹਨੇਰਾ ਅਗਿਆਨਤਾ ਨੂੰ (4:18) ਅਤੇ ਅਨੈਤਿਕਤਾ ਨੂੰ (5:3–14) ਵਿਖਾਉਂਦਾ ਹੈ, ਜਦਕਿ ਚਾਨਣ ਸਚਿਆਈ ਅਤੇ ਗਿਆਨ ਨੂੰ (ਵੇਖੋ 1:18) ਜੋ ਕਿ ਖ਼ੁਦਾ ਨੂੰ ਭਾਉਂਦਾ ਹੈ (5:10)।

ਪੌਲੁਸ ਨੇ ਇਹ ਨਹੀਂ ਕਿਹਾ ਕਿ ਅਫ਼ਸੀ ਲੋਕ ਚਾਨਣ *ਵਿਚ* ਸਨ ਬਲਕਿ ਉਸ ਨੇ ਕਿਹਾ ਕਿ ਉਹ ਤਾਂ ਚਾਨਣ *ਹੀ* ਸਨ। ਇਕ ਵਕਤ ਉਹ ਹਨੇਰਾ ਸਨ ਪਰ ਰਸੂਲ ਨੇ ਆਖਿਆ ''ਪਰ ਹੁਣ ਪ੍ਰਭੂ ਵਿਚ ਚਾਨਣ ਹੋ।'' ''ਪ੍ਰਭੂ ਵਿਚ'' ਜਾਂ ''ਮਸੀਹ ਵਿਚ'' ਉਨ੍ਹਾਂ ਦੇ ਮਸੀਹੀ ਬਣਨ ਜਾਂ ਉਨ੍ਹਾਂ ਦੀ ਮਨਬਦਲੀ ਦੇ ਸਬੰਧ ਵਿਚ ਕਿਹਾ ਗਿਆ ਹੈ ਜਿਸ ਵਿਚ ਉਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਲਿਆ ਸੀ (ਰੋਮੀਆਂ 6:3; ਗਲਾਤੀਆਂ 3:27)। ਪੌਲੁਸ ਨੇ ਉਨ੍ਹਾਂ ਨੂੰ ਉਸੇ ਦੇ ਅਨੁਸਾਰ ਵਿਹਾਰ ਕਰਨ ਲਈ ਸਮਝਾਇਆ ਜੋ ਉਹ ਮਸੀਹ ਵਿਚ ਮਨ ਗਏ ਸਨ, ਕਿ ''ਚਾਨਣ ਦੇ ਪੁੱਤਰਾਂ ਵਾਂਗੂ ਚੱਲੋ'' ਬੇਵਿਸ਼ਵਾਸੇ ਲੋਕਾਂ ਦੀ ਪਛਾਣ ਹੁਕਮ ਨਾ ਮੰਨਣ ਵਾਲਿਆਂ ਰੂਪ ਵਿਚ ਐਨੀਂ ਵੱਧ ਹੋ ਗਈ ਸੀ ਕਿ ਉਨ੍ਹਾਂ ਨੂੰ ''ਅਣਆਗਿਆਕਰੀ ਦੇ ਪੁੱਤਰਾਂ'' ਦੇ ਰੂਪ ਵਿਚ ਜਾਣਿਆ ਜਾਂਦਾ ਸੀ (5:6)। ਸੋ ਅਫ਼ਸੁਸ ਦੇ ਲੋਕਾਂ ਦੀ ਪਛਾਣ ਚਾਨਣ ਨਾਲ ਐਨੀਂ ਵੱਧ ਹੋ ਗਈ ਕਿ ਉਨ੍ਹਾਂ ਨੂੰ ''ਚਾਨਣ ਦੇ ਪੁੱਤਰ'' ਕਿਹਾ ਜਾਣ ਲੱਗਾ।

**ਆਇਤ 9.** ਇਹ ਸਮਝਾਉਣਾ ਜਾਰੀ ਰੱਖਦਿਆਂ ਕਿ ''ਚਾਨਣ ਦੇ ਪੁੱਤਰਾਂ ਵਾਂਗੂ ਚੱਲਣ'' ਦਾ ਕੀ ਮਤਲਬ ਹੈ, ਪੌਲੁਸ ਨੇ ਲਿਖਿਆ, (**ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿਚ ਹੈ**)। ਬਰੈਕਟ ਵਿਚ ਰੱਖੀ ਇਹ ਗੱਲ ਚਾਨਣ ਨੂੰ ਉਪਜਾਊ ਜ਼ਮੀਨ ਜਾਂ ਚੰਗੇ ਫ਼ਲ ਦੇ ਰੂਪ ਵਿਚ ਵਿਖਾਉਂਦੀ ਹੈ ਜਿਸ ਵਿਚ ਇਸ ਨੂੰ ''ਫ਼ਲ'' ਲਗਦਾ ਹੈ। ਚਾਨਣ ਦਾ ਫ਼ਲ ਜੋ ਕਿ ''ਹਨੇਰੇ ਦੇ ਅਫ਼ਲਕਾਰਜਾਂ'' (5:11) ਨਾਲੋਂ ਅੱਡ ਹੈ, ਵਿਚ ''ਭਲਿਆਈ'' (*agathōsunē*) ਸ਼ਾਮਿਲ ਹੈ, ਤੋਂ ਭਾਵ ਖ਼ਾਸ ਤੌਰ ਤੇ ਨੈਤਿਕ ''ਭਲਿਆਈ'' ਹੈ।[3] ਇਹ ਵਿਚਾਰ 2:10 ਦੀ ਝਲਕ ਹੈ ਜਿੱਥੇ ਪੌਲੁਸ ਨੇ ਕਿਹਾ ਸੀ, ''ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ।'' ''ਭਲਿਆਈ'' ਆਤਮਾ ਦੇ ਫ਼ਲ ਦਾ ਇਕ ਹਿੱਸਾ ਹੈ (ਗਲਾਤੀਆਂ 5:22) ਅਤੇ ਨਵੇਂ ਨੇਮ ਵਿਚ ਪੌਲੁਸ ਵੱਲੋਂ ਇਸ ਦੀ ਵਰਤੋਂ ਦੂਜਿਆਂ ਨਾਲ ਆਪਣੇ ਸਬੰਧ ਵਿਚ ਮਸੀਹੀ ਆਦਮੀ ਦੀਆਂ ਗਤੀਵਿਧੀਆਂ ਦਾ ਵਰਣਨ ਕਰਨ ਲਈ ਕੀਤੀ ਗਈ ਹੈ (ਹੋਰ ਵਰਤੋਂ ਲਈ ਵੇਖੋ ਰੋਮੀਆਂ 15:14; 2 ਥੱਸਲੁਨੀਕੀਆਂ 1:11)।

''ਧਰਮ'' (*dikaiosunē*) ਖ਼ੁਦਾ ਵੱਲੋਂ ਠਹਿਰਾਏ ਗਏ ਮਿਆਰ ਨਾਲ ਮੇਲ ਖਾਂਦਿਆਂ ਉਹ ਕਰਨਾ ਹੈ ਜੋ ਖ਼ੁਦਾ ਅਤੇ ਮਨੁੱਖ ਦੇ ਸਬੰਧ ਵਿਚ ਸਹੀ ਹੋਵੇ। ''ਸਚਿਆਈ'' (*alētheia*) ਤੋਂ ਭਾਵ ''ਇਮਾਨਦਾਰੀ'' ਹੈ ਜੋ ਕਿ ਝੂਠ ਦਾ ਉਲਟ ਹੈ।[4] ''ਸਚਿਆਈ'' ਖ਼ੁਦਾ ਦਾ ਵਚਨ ਵੀ ਹੈ (ਯੂਹੰਨਾ 17:17)। ਅਫ਼ਸੀਆਂ ਨੂੰ ''ਪ੍ਰੇਮ ਨਾਲ ਸੱਚ'' ਦੱਸਣ ਅਤੇ ''ਆਪਣੇ ਗੁਆਂਢੀ ਨਾਲ ਸੱਚ'' ਬੋਲਣ ਦੀ ਬੇਨਤੀ ਕਰਦਿਆਂ ਪੌਲੁਸ ਇਨ੍ਹਾਂ ਦੋਹਾਂ ਵਿਚਾਰਾਂ ਉੱਤੇ ਜ਼ੋਰ ਦੇ ਰਿਹਾ ਸੀ (4:15, 25)। ਤਿੰਨਾਂ ਗੁਣਾਂ ਵਿੱਚੋਂ ਹਰ ਗੁਣ ''*[ 5:9 ]* ਆਪਣੇ ਆਪ ਵਿਚ ਬਹੁਤ ਸਧਾਰਣ ਹੈ ਅਤੇ ਪੂਰੀ ਮਸੀਹੀ ਜ਼ਿੰਦਗੀ ਲਈ ਹੋ ਸਕਦਾ ਹੈ।''[5]

**ਆਇਤ 10. ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ** ਨੂੰ ਚਾਨਣ ਦੇ ਪੁੱਤਰਾਂ ਵਾਂਗ ਚੱਲਣ ਦੇ ਅਰਥ ਦੀ ਹੋਰ ਵਿਆਖਿਆ ਦੇ ਰੂਪ ਵਿਚ ਸਮਝਿਆ ਜਾਂਦਾ ਹੈ। ਪੌਲੁਸ ਨੇ ਅੱਗੇ ਆਖਿਆ, ''ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ'' (5:17)। ''ਪਰਤਾ ਕੇ ਵੇਖੋ'' (*dokimazontes*) ਦਾ

ਸਹੀ ਅਰਥ ''ਪਰਖਣਾ, ਸਾਬਤ ਕਰਨਾ, ਜਾਂਚਣਾ, ਫ਼ਰਕ ਕਰਨਾ'' ਹੈ।[6] ਇਹ ਪਰਖਣ ਜਾਂ ਸਾਬਤ ਕਰਨ ਲਈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ ਅਤੇ ਉਸ ਦੀ ਇੱਛਾ ਨੂੰ ਸਮਝਣ ਲਈ ਇਕ ਮਿਆਰ ਦੀ ਲੋੜ ਹੈ। ਉਹ ਮਿਆਰ ਖ਼ੁਦਾ ਦਾ ਵਚਨ ਹੈ। ਕੁਲੁੱਸੀਆਂ 1:9, 10 ਵਿਚ ਪੌਲੁਸ ਨੇ ਦੁਆ ਕੀਤੀ ਕਿ ਮਸੀਹੀ ਲੋਕ ਖ਼ੁਦਾ ਦੀ ਇੱਛਾ ਦੇ ਗਿਆਨ ਨਾਲ ਭਰਪੂਰ ਹੋ ਜਾਣ, ਉਨ੍ਹਾਂ ਨੂੰ ਇਸ ਨੂੰ ਸਮਝਣ ਦੀ ਬੁੱਧ ਮਿਲੇ ਅਤੇ ਉਨ੍ਹਾਂ ਦੀ ਜ਼ਿੰਦਗੀ ਅਜਿਹੀ ਹੋ ਜਾਵੇ ਜਿਹੜੀ ਖ਼ੁਦਾ ਨੂੰ ਭਾਵੇ। ਪਹਿਲਾ ਗਿਆਨ ਸੀ; ਦੂਜਾ ਸਮਝ ਸੀ ਅਤੇ ਤੀਜਾ ਖ਼ੁਦਾ ਨੂੰ ਭਾਉਣਾ ਸੀ। ਪੌਲੁਸ ਨੇ ਫ਼ਿਲਿੱਪੀਆਂ ਨੂੰ ''ਮਸੀਹ ਦੀ ਖੁਸ਼ਖ਼ਬਰੀ ਦੇ ਯੋਗ ਚਾਲ'' ਚੱਲਣ ਲਈ ਹੱਲਾਸ਼ੇਰੀ ਦਿੱਤੀ (ਫ਼ਿਲਿੱਪੀਆਂ 1:27), ਭਾਵ ਖ਼ੁਦਾ ਦੇ ਵਚਨ ਦੇ ਮਿਆਰ ਨੂੰ ਸਿਖ ਕੇ ਚੱਲਣ ਲਈ ਆਖਿਆ।

ਯੂਹੰਨਾ ਰਸੂਲ ਨੇ ਆਪਣੇ ਪਾਠਕਾਂ ਨੂੰ ਆਖਿਆ ਕਿ ''ਆਤਮਿਆਂ ਨੂੰ ਪਰਖੋ ਭਈ ਓਹ ਪਰਮੇਸ਼ੁਰ ਤੋਂ ਹਨ ਕਿ ਨਹੀਂ'' (1 ਯੂਹੰਨਾ 4:1)। ਇਸ ਪਰਖ ਲਈ ਇਕ ਮਿਆਰ ਦੀ ਲੋੜ ਹੈ ਅਤੇ ਉਹ ਮਿਆਰ ਖ਼ੁਦਾ ਦਾ ਮੁਕਾਸ਼ਫ਼ਾ ਹੈ। ਜਦ ਕੋਈ ਆਦਮੀ ਹਰ ਵਿਚਾਰ, ਹਰ ਸ਼ਬਦ ਅਤੇ ਹਰ ਕੰਮ ਨੂੰ ਖ਼ੁਦਾ ਦੀ ਪਰਗਟ ਕੀਤੀ ਗਈ ਇੱਛਾ ਨਾਲ ਪਰਖਦਾ ਹੈ, ਤਦੇ ਅਤੇ ਸਿਰਫ਼ ਤਦੇ ਉਸ ਨੂੰ ਪਤਾ ਲਗਦਾ ਹੈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ। ਪੌਲੁਸ ਦੇ ਪੁਰਾਣੇ ਜ਼ਮਾਨੇ ਦੇ ਯਹੂਦੀਆਂ ਨੂੰ ਖ਼ੁਦਾ ਦੀ ਮਰਜ਼ੀ ਪਤਾ ਸੀ ਕਿਉਂਕਿ ਉਨ੍ਹਾਂ ਨੂੰ ਸ਼ਰ੍ਹਾ ਵਿੱਚੋਂ ਦੱਸਿਆ ਗਿਆ ਸੀ (ਰੋਮੀਆਂ 2:18)। ਜਦ ਕਿਸੇ ਨੂੰ ਖ਼ੁਦਾ ਦੀ ਪਰਗਟ ਇੱਛਾ ਦਾ ਪਤਾ ਲੱਗ ਜਾਂਦਾ ਹੈ ਤਾਂ ਉਹਨੂੰ ਸਮਝ ਆ ਜਾਂਦਾ ਹੈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ। ਵਚਨ ਦੇ ਮਿਆਰ ਦੇ ਰਾਹੀਂ ਜ਼ਿੰਦਗੀ ਦੇ ਹਾਲਾਤ ਦਾ ਸਾਹਮਣਾ ਕਰ ਦਿਆਂ ਉਸ ਨੂੰ ਪਤਾ ਲੱਗ ਸਕਦਾ ਹੈ ਕਿ ਉਹ ਖ਼ੁਦਾ ਨੂੰ ਭਾ ਰਿਹਾ ਹੈ ਜਾਂ ਨਹੀਂ। ਆਇਤ 10 ਦੇ ਸੰਦਰਭ ਵਿਚ ਭਲਿਆਈ, ਧਰਮਿ ਅਤੇ ਸਚਿਆਈ ਵਿਚ ਚਾਨਣ ਦੇ ਪੁੱਤਰਾਂ ਵਾਂਗ ਚੱਲਣ ਦਾ ਮਤਲਬ ਇਹ ਜਾਣਨਾ ਹੈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ ਅਤੇ ਅਸਲ ਵਿਚ ਉਹੀ ਕਰਨਾ ਹੈ ਜੋ ਉਸ ਨੂੰ ਪਾਉਣ ਲਈ ਜ਼ਰੂਰੀ ਹੈ।

## ਹਨੇਰੇ ਦੇ ਕੰਮਾਂ ਨੂੰ ਨਕਾਰਨਾ ਅਤੇ ਉਨ੍ਹਾਂ ਨੂੰ ਨੰਗਿਆਂ ਕਰਨਾ (5:11-13)

**11ਅਤੇ ਅਨ੍ਹੇਰੇ ਦੇ ਅਫੱਲ ਕਾਰਜਾਂ ਵਿਚ ਸਾਂਝੀ ਨਾ ਹੋਵੋ ਪਰ ਉਨ੍ਹਾਂ ਨੂੰ ਨੰਗਿਆਂ ਕਰੋ। 12ਕਿਉਂਕਿ ਜਿਹੜੇ ਕੰਮ ਗੁਪਤ ਵਿਚ ਉਨ੍ਹਾਂ ਤੋਂ ਹੁੰਦੇ ਹਨ ਉਨ੍ਹਾਂ ਦੀ ਗੱਲ ਕੀਤਿਆਂ ਵੀ ਸ਼ਰਮ ਆਉਂਦੀ ਹੈ। 13ਪਰ ਸਾਰੀਆਂ ਗੱਲਾਂ ਜਾਂ ਉਨ੍ਹਾਂ ਨੂੰ ਨੰਗਿਆਂ ਕਰ ਸੁੱਟੀਆ ਹੈ ਤਾਂ ਚਾਨਣ ਤੋਂ ਪਰਗਟ ਹੋ ਜਾਂਦੀਆਂ ਹਨ ਕਿਉਂ ਜੋ ਹਰੇਕ ਗੱਲ ਜੋ ਪਗਰਟ ਹੁੰਦੀ ਹੈ ਸੋ ਚਾਨਣ ਹੈ ।**

**ਆਇਤਾਂ 11, 12.** ਧਰਮ ਅਤੇ ਬੁਰੀ ਜ਼ਿੰਦਗੀ ਵਿਚ ਫ਼ਰਕ ਤੇ ਧਿਆਂਨ ਦਿੰਦਿਆਂ ਪੌਲੁਸ ਨੇ ਮਸੀਹੀ ਲੋਕਾਂ ਨੂੰ ਸਮਝਾਇਆ ਕਿ **ਅਨ੍ਹੇਰੇ ਦੇ ਅਫੱਲ ਕਾਰਜਾਂ ਵਿਚ ਸਾਂਝੀ ਨਾ ਹੋਵੋ ਪਰ ਉਨ੍ਹਾਂ ਨੂੰ ਨੰਗਿਆਂ ਕਰੋ** (5:11)। ਖ਼ੁਦਾ ਦੀ ਸੰਤਾਨ ਦੀ ਰੂਪ ਵਿਚ ਅਸੀਂ ਚਾਨਣ ਹਾਂ ਕਿਉਂਕਿ ਸਾਡੀ ਜ਼ਿੰਦਗੀ ਚਾਨਣ ਦੇ ਪੁੱਤਰਾਂ ਵਾਂਗ ਹੈ ਅਤੇ ਅਸੀਂ ਚਾਨਣ ਦਾ ਫ਼ਲ ਦਿੰਦੇ ਹਾਂ (5:8, 9)। ਇਸ ਦੇ ਉਲਟ ਜਿਹੜੇ ਲੋਕ ਉਸ ਨੂੰ ਨਹੀਂ ਜਾਣਦੇ ਉਹ ਹਨੇਰੇ ਵਿਚ (5:8), ਅਣਆਗਿਆਕਾਰ (5:6) ਹਨ ਅਤੇ ਉਨ੍ਹਾਂ ਦੀ ਪਛਾਣ ''ਹਨ੍ਹੇਰੇ ਦੇ ਅਫੱਲ ਕਾਰਜਾਂ'' ਨਾਲ ਹੁੰਦੀ ਹੈ।

''ਚਾਨਣ ਦੇ ਪੁੱਤਰਾਂ'' ਨੂੰ ਹਨੇਰੇ ਦੇ ਕੰਮਾਂ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ਬਲਕਿ ਉਨ੍ਹਾਂ ਨੂੰ ਨੰਗਿਆਂ ਕਰਨਾ ਚਾਹੀਦਾ ਹੈ। ''ਨੰਗਿਆਂ'' ਦਾ ਅਨੁਵਾਦ *elenchō* ਤੋਂ ਨਿੱਕਲੇ ਇਕ ਬਹੁਪੱਖੀ ਸ਼ਬਦ ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ ''ਦੋਸ਼ੀ ਠਹਿਰਾਉਣਾ,'' ''ਝਾੜਨਾ,'' ''ਸੁਧਾਰਨਾ।''[7]

5:11–13 ਵਿਚ ਜ਼ੋਰ ਹਨੇਰੇ ਦੇ ਕੰਮਾਂ ਨੂੰ ਉਹਦੇ ਲਈ ਜੋ ਉਹ ਹਨ, ਨੰਗਿਆਂ ਕਰਨ ਤੇ ਹੈ। ਮਸੀਹੀ ਆਦਮੀ ਡਿੱਲਾ ਹੋ ਕੇ ਹਨੇਰੇ ਨੂੰ ਬਰਦਾਸਤ ਨਹੀਂ ਕਰ ਸਕਦਾ ਬਲਕਿ ਉਹ ਸਰਗਰਮ ਹੋ ਕੇ ਇਸ ਨੂੰ ਨੰਗਿਆਂ ਕਰਦਾ ਹੈ। ਨਵੇਂ ਨੇਮ ਵਿਚ ਭਾਵੇਂ ਨਾਲ ਦੇ ਮਸੀਹੀ ਲੋਕਾਂ ਨੂੰ ਸਮਝਾਉਣ ਲਈ ਇਸ ਦੀ ਵਰਤੋਂ ਕੀਤੀ ਗਈ ਹੈ (1 ਤਿਮੋਥਿਉਸ 5:20; ਤੀਤੁਸ 1:9, 13), ਪਰ ਸੰਦਰਭ ਇੱਥੇ ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹੈ ਜਿਹੜੇ ਹਨੇਰੇ ਵਿਚ ਹਨ, ਭਾਵ ਜਿਹੜੇ ਬਚਾਏ ਹੋਏ ਨਹੀਂ ਹਨ।

ਅਨੁਵਾਦ ਹੋਏ ਯੂਨਾਨੀ ਵਾਕਅੰਸ਼ ''ਪਰ ਉਨ੍ਹਾਂ ਨੂੰ ਨੰਗਿਆਂ ਕਰੋ।'' ਵਿਚ ਜ਼ਬਰਦਸਤ ਤਾੜਨਾ ਦੀ ਗੱਲ ਕਰੀਏ। ਇਹ ਇਸ ਗੱਲ ਦਾ ਐਲਾਨ ਕਰਦਾ ਹੈ ਕਿ ਮਸੀਹੀ ਲੋਕ ਹਨੇਰੇ ਦੇ ਕੰਮਾਂ ਵਿਚ ਹਿੱਸਾ ਨਾ ਲੈਣ ਬਲਕਿ ਗੱਲਾਂ ਨਾਲ ਕੰਮਾਂ ਨਾਲ ਦੋਹਾਂ ਤਰੀਕਿਆਂ ਨਾਲ ਖੁੱਲ੍ਹੇਆਮ ਹਨੇਰੇ ਨੂੰ ਝਾੜ ਪਾਉਣ। ਕੁਝ ਵਿਆਖਿਆ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਹਨੇਰੇ ਨੂੰ ਨੰਗਿਆਂ ਕਰਨ ਦਾ ਕੰਮ ਸਿਰਫ਼ ਮਸੀਹੀ ਲੋਕਾਂ ਦੀ ਜੀਵਨਸ਼ੈਲੀ ਨਾਲ ਹੋਵੇ। ਉਆ ਆਪਣੇ ਵਿਚਾਰ ਦਾ ਅਧਾਰ ਆਇਤ 12 ਦੇ ਸ਼ਬਦਾਂ ਨੂੰ ਦੱਸਦੇ ਹਨ ਜਿੱਥੇ ਕਿਹਾ ਗਿਆ ਹੈ, **ਕਿਉਂਕਿ ਜਿਹੜੇ ਕੰਮ ਗੁਪਤ ਵਿਚ ਉਨ੍ਹਾਂ ਤੋਂ ਹੁੰਦੇ ਹਨ ਉਨ੍ਹਾਂ ਦੀ ਗੱਲ ਕੀਤਿਆਂ ਵੀ ਸ਼ਰਮ ਆਉਂਦੀ ਹੈ।**[8] ਪਰ ਹੋਰ ਥਾਂਵਾਂ ਤੇ ਪੌਲੁਸ ਵੱਲੋਂ ਵਰਤਿਆ ਗਿਆ ਸ਼ਬਦ *elencho* ਬੋਲ ਕੇ ਝਾੜ ਪਾਉਣ ਦੀ ਗੱਲ ਕਰਦਾ ਹੈ (ਵੇਖੋ 2 ਤਿਮੋਥਿਉਸ 4:2; ਤੀਤੁਸ 2:15)।

''ਗੱਲ ਕੀਤੀਆਂ'' ਬਾਰ ਬਾਰ ਜਾਂ ਲਗਾਤਾਰ ਦੋਹਰਾਏ ਜਾਣ ਵਾਲੇ ਕੰਮ ਦਾ ਸੰਕੇਤ ਹੈ। ਹਨੇਰੇ ਦੇ ਪਾਪ ਮਸੀਹੀ ਲੋਕਾਂ ਲਈ ਆਪਸ ਵਿਚ ਜਾਂ ਗੈਰ ਮਸੀਹੀ ਲੋਕਾਂ ਦੇ ਸਾਹਮਣੇ ਵੀ ਗੱਲ ਕੀਤੇ ਜਾਣ ਵਾਲੇ ਵਿਸ਼ੇ ਨਹੀਂ ਹਨ। ਤਾਂ ਵੀ ਮਸੀਹੀ ਲੋਕ ਅਜਿਹੇ ਵਿਹਾਰ ਦਾ ਸਾਹਮਣਾ ਕਰ ਸਕਦੇ ਹਨ ਅਤੇ ਉਨ੍ਹਾਂ ਨਈ ਕਰਨਾ ਵੀ ਜ਼ਰੂਰੀ ਹੈ। ਅੱਜ ਦੀ ਸਭਿਅਤਾ ਵਿਚ ਮਸੀਹੀ ਲੋਕਾਂ ਨੂੰ ਆਪਣੇ ਸਾਥੀ ਮਸੀਹੀ ਲੋਕਾਂ ਨਾਲ ਹਨੇਰੇ ਦੇ ਪਾਪਾਂ ਦੀ ਗੱਲ ਕਰਦਿਆਂ ਰਹਿ ਕੇ ਕਿ ਉਹ ਕਿੰਨੇ ਮਾੜੇ ਹਨ, ਬਲਕਿ ਬੁਰਾਈ, ਵਿਗਾੜ, ਗਰਭਪਾਤ ਅਤੇ ਹੋਰ ਪਾਪਾਂ ਦੇ ਖਿਲਾਫ਼ ਬੋਲਣਾ ਚਾਹੀਦਾ ਹੈ। ਬੇਸ਼ੱਕ ਮਸੀਹੀ ਆਮਦੀ ਦੀ ਜ਼ਿੰਦਗੀ ਅਜਿਹੀ ਹੋਣੀ ਜ਼ਰੂਰੀ ਹੈ ਜਿਹੜੀ ਹਨੇਰੇ ਦੇ ਉਲਟ ਹੋਵੇ ਅਤੇ ਹਨੇਰੇ ਦੇ ਕੰਮਾਂ ਨੂੰ ਨੰਗਿਆਂ ਕਰਦੀ ਹੋਵੇ। ਪਰ ਹਨੇਰੇ ਦੇ ਖਿਲਾਫ਼ ਗੱਲ ਕਰਨ ਦਾ ਸਮਾਂ ਅਤੇ ਥਾਂ ਵੀ ਹੈ। ਧਰਮੀ ਜੀਵਨ ਦੀ ਤਾਕਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਸ਼ਬਦਾਂ ਦੀ ਤਾਕਤ ਨਾਲ ਹਨੇਰੇ ਨੂੰ ਨੰਗਾ ਕੀਤਾ ਜਾ ਸਕਦਾ ਹੈ (ਵੇਖੋ ਰੋਮੀਆਂ 1:18–32)। ਐਸ. ਡੀ. ਐਫ਼. ਸੈਲਮੰਡ ਦਾ ਮੁਲਾਂਕਣ ਹੈ:

> ਇਸ ਸਵਾਲ ਵਾਲੇ ਕੰਮ ਦਾ ਗੁਪਤ ਹੋਣਾ ਹੀ ਉਹ ਕਾਰਣ ਹੈ ਜਿਸ ਕਰਕੇ ਇਸ ਨੂੰ ਸਰੇਆਮ ਝਾੜਨਾ ਜ਼ਰੂਰੀ ਹੈ; ਅਤੇ ਕਹਿਣ ਦਾ ਮਤਲਬ ਇਹ ਹੈ ਕਿ ਗੁਪਤ ਵਿਚ ਕਾਫ਼ਰਾਂ ਦਾ ਵਿਹਾਰ ਐਨਾਂ ਮਾੜਾ ਹੈ ਕਿ ਉਹਦਾ ਨਾਂਅ ਲੈਣਾ ਵੀ ਨਿੰਦਣ ਯੋਗ ਹੈ; ਜ਼ਰੂਰਤ ਇਸ ਗੱਲ ਦੀ ਹੈ ਕਿ ਉਸ ਨੂੰ ਖ਼ਾਮੋਸ਼ੀ ਨਾਲ ਨਜ਼ਰਅੰਦਾਜ਼ ਕਰਨ ਦੀ ਥਾਂ ਸਾਰਿਆਂ ਦੇ ਸਾਹਮਣੇ ਝਾੜਿਆ ਜਾਵੇ।[9]

**ਆਇਤ 13.** ਚਾਨਣ ਨਾਲ ਉਹ ਸਭ ਨਜ਼ਰ ਆਉਣ ਲੱਗਦਾ ਹੈ ਜਿਸ ਨੂੰ ਹਨੇਰਾ ਲੁਕਾ ਲੈਂਦਾ ਹੈ। ਜਿੱਥੇ ਚਾਨਣ ਹੋ ਜਾਂਦਾ ਹੈ ਉੱਥੇ **ਸਾਰੀਆਂ** ਗੱਲਾਂ **ਪਰਗਟ ਹੋ ਜਾਂਦੀਆਂ** ਹਨ। ਹਨੇਰੇ ਦੀਆਂ ਗੱਲਾਂ ਜਦ **ਚਾਨਣ ਤੋਂ ਪਰਗਟ ਹੋ ਜਾਂਦੀਆਂ ਹਨ** ਤਾਂ **ਹਰੇਕ ਗੱਲ ਜੋ ਪਰਗਟ ਹੁੰਦੀ ਹੈ ਸੋ ਚਾਨਣ ਹੈ।** ਮਸੀਹੀ ਲੋਕ ਜਦ ਹਨੇਰੇ ਦੇ ਕੰਮਾਂ ਦੇ ਬੁਰੇ ਬੁਰੇ ਸੁਭਾਅ ਨੂੰ ਸਾਹਮਣੇ ਲਿਆਉਂਦੇ ਹਨ ਤਾਂ ਉਹ ਹਨੇਰੇ ਵਿਚ ਰਹਿਣ ਵਾਲਿਆਂ ਨੂੰ ਚਾਨਣ ਬਣਨ ਦੀ ਪੇਸ਼ਕਸ਼ ਕਰ ਰਹੇ ਹੁੰਦੇ ਹਨ। ਯਿਸੂ ਨੇ ਆਖਿਆ:

> ਅਤੇ ਦੋਸ਼ੀ ਠਹਿਰਨ ਦਾ ਇਹ ਕਾਰਣ ਹੈ ਕਿ ਚਾਨਣ ਜਗਤ ਵਿਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ। ਹਰੇਕ

> ਜੋ ਮੰਦੇ ਕੰਮ ਕਰਦਾ ਹੈ ਸੋ ਚਾਨਣ ਨਾਲ ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਐਉਂ ਨਾ ਹੋਵੇ ਜੋ ਉਹ ਦੇ ਕੰਮ ਜ਼ਾਹਰ ਹੋਣ। ਪਰ ਜਿਹੜਾ ਸੱਚ ਕਰਦਾ ਹੈ ਉਹ ਚਾਨਣ ਕੋਲ ਆਉਂਦਾ ਹੈ ਇਸ ਲਈ ਜੋ ਉਹ ਦੇ ਕੰਮ ਪਰਗਟ ਹੋਣ ਭਈ ਓਹ ਪਰਮੇਸ਼ੁਰ ਵਿਚ ਕੀਤੇ ਹੋਏ ਹਨ (ਯੂਹੰਨਾ 3:19–21)।

ਉਸ ਨੇ ਸਚਿਆਈ ਨੂੰ ਚਾਨਣ ਆਖਿਆ ਅਤੇ ਹਨੇਰੇ ਨੂੰ ਬੁਰਿਆਈ। ਜਦ ਲੋਕ ਹਨੇਰੇ ਦੀ ਬੁਰਿਆਈ ਨੂੰ ਪਿਆਰ ਕਰਦੇ ਅਤੇ ਚਾਨਣ ਤੋਂ ਨਫ਼ਰਤ ਕਰਦੇ ਹਾਂ ਤਾਂ ਉਹ ਉਸ ਹਨੇਰੇ ਵਿਚ ਬਣੇ ਰਹਿੰਦੇ ਹਨ ਜਿਹੜਾ ਸਜ਼ਾ ਦਾ ਕਾਰਣ ਬਣਦਾ ਹੈ। ਜਿਹੜੇ ਲੋਕ ਸਚਿਆਈ ਦੀ ਭਲਿਆਈ ਨਾਲ ਪ੍ਰੇਮ ਕਰਦੇ ਹਾਂ ਉਹ ''ਚਾਨਣ'' ਦੇ ਕੋਲ ਆਉਂਦੇ ਹਨ ਅਤੇ ਉਨ੍ਹਾਂ ਨੂੰ ਇਹ ਦੇਲੇਰੀ ਮਿਲਦੀ ਹੈ ਕਿ ਉਨ੍ਹਾਂ ਦੇ ਕੰਮਾਂ ਨੂੰ ਖ਼ੁਦਾ ਵੱਲੋਂ ਮੰਜ਼ੂਰ ਕੀਤਾ ਗਿਆ ਹੈ।

## ਖ਼ਬਰਦਾਰ ਰਹਿਣਾ (5:14)

**14ਇਸ ਲਈ ਉਹ ਆਖਿਆ ਜਾਂਦਾ ਹੈ-ਹੇ ਸੌਣ ਵਾਲਿਆ, ਜਾਗ,**
**ਅਤੇ ਮੁਰਦਿਆਂ ਵਿੱਚੋਂ ਜੀ ਉੱਠ ! ਤਾਂ ਮਸੀਹ ਤੇਰੇ ਉੱਤੇ ਚਮਕੇਗਾ।**

**ਆਇਤ 14.** ਪੌਲੁਸ ਨੇ ਸ਼ਾਈਰੀ ਦੀਆਂ ਇਹ ਤਿੰਨ ਸਤਰਾਂ ''**ਹੇ ਸੌਣ ਵਾਲਿਆ, ਜਾਗ, ਅਤੇ ਮੁਰਦਿਆਂ ਵਿੱਚੋਂ ਜੀ ਉੱਠ ! ਤਾਂ ਮਸੀਹ ਤੇਰੇ ਉੱਤੇ ਚਮਕੇਗਾ**'' ਦੁਰਾਉਂਦਿਆਂ ਇਸ ਭਾਗ ਨੂੰ ਖ਼ਤਮ ਕੀਤਾ। ਉਸ ਨੇ ਕਵੀਤਾ ਦੀ ਜਾਣ ਪਛਾਣ **ਇਸ ਲਈ ਉਹ ਆਖਿਆ ਜਾਂਦਾ ਹੈ** ਨਾਲ ਕੀਤੀ ਜੋ ਕਿ 4:8 ਵਿਚ ਲਿਖਤ ਦੇ ਹਵਾਲੇ ਤੋਂ ਪਹਿਲਾਂ ਉਸ ਨੇ ਵਰਤਿਆ। ਪਰ ਇਹ ਸਤਰਾਂ ਬਾਈਬਲ ਵਿਚ ਕਿਤੇ ਹੋਰ ਨਹੀਂ ਮਿਲਦੀਆਂ। ਪੁਰਾਣੇ ਨੇਮ ਵਿਚ ਇਹ ਗੱਲ ਸ਼ਾਇਦ ਯਸਾਯਾਹ 60:1 ਵਿਚ ਮਿਲਦੀ ਹੈ। ਪਰ ਉੱਥੇ ਯਸਾਯਾਹ ਆਪਣੇ ਲੋਕਾਂ ਉੱਤੇ ਚਾਨਣ ਲਿਆਉਣ ਲਈ ਖ਼ੁਦਾ ਨੂੰ ਵਡਿਆਈ ਦੀ ਗੱਲ ਕਰ ਰਿਹਾ ਹੈ। ਪੌਲੁਸ ਨੇ ਇਹ ਕਵਿਤਾ ਆਪਣੇ ਪਾਠਕਾਂ ਨੂੰ ਇਕ ਚੁਣੌਤੀ ਅਤੇ ਵਾਅਦੇ ਦੇ ਰੂਪ ਵਿਚ ਦਿੱਤੀ।

ਵਿਆਖਿਆ ਕਰਨ ਵਾਲੇ ਕੁਝ ਲੋਕਾ ਦਾ ਵਿਚਾਰ ਹੈ ਕਿ ਪੌਲੁਸ ਪੁਰਾਣੇ ਨੇਮ ਦੀਆਂ ਇਕ ਜਾਂ ਵੱਧ ਆਇਤਾਂ ਨੂੰ ਆਪਣੇ ਸ਼ਬਦਾਂ ਵਿਚ ਲਿਖ ਰਿਹਾ ਸੀ। ਨਵੇਂ ਨੇਮ ਦੇ ਲੇਖਕਾਂ ਲਈ ਹਵਾਲਿਆਂ ਨੂੰ ਲੈ ਕੇ ਆਪਣੇ ਸ਼ਬਦਾਂ ਵਿਚ ਲਿਖਣਾ ਕੋਈ ਨਵੀਂ ਗੱਲ ਨਹੀਂ ਸੀ ਅਤੇ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਅਜਿਹੀ ਵਾਕਰਚਨਾ ਦੇ ਪਿੱਛੋਕਣ ਦਾ ਸੁਝਾਅ ਮਿਲਦਾ ਹੈ। ਚਾਨਣ ਨੂੰ ਆਪਣੇ ਲੋਕਾਂ ਦੀ ਸੇਵਾ ਕਰਨ ਲਈ ਖ਼ੁਦਾ ਨਾਲ ਜੋੜਿਆ ਗਿਆ ਹੈ (ਵੇਖੋ ਵਿਵਸਥਾਸਾਰ 33:2; ਜ਼ਬੂਰ 50:2; 80:1–3, 7, 19), ਅਤੇ ਮਸੀਹ ਨੂੰ ਆਮ ਤੌਰ ਤੇ ਚਾਨਣ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ (ਵੇਖੋ ਲੂਕਾ 2:32; ਯੂਹੰਨਾ 1:4–9; 3:19–21; 8:12; 9:5; 12:46; ਪ੍ਰਕਾਸ਼ ਦੀ ਪੋਥੀ 1:16)।

ਹੋਰਨਾਂ ਦਾ ਵਿਚਾਰ ਹੈ ਕਿ ਪੌਲੁਸ ਖ਼ੁਦਾ ਦੀ ਪ੍ਰੇਰਣਾ ਰਹਿਤ ਕਿਸੇ ਵਸੀਲੇ ਤੋਂ (ਰਸੂਲਾਂ ਦੇ ਕੰਮ 17:28 ਵਾਂਗ) ਸ਼ਾਇਦ ਕਿਸੇ ਅਪ੍ਰਮਾਣਿਕ ਲੇਖ, ਕਿਸੇ ਮੁੱਢਲੇ ਮਸੀਹੀ ਭਜਨ ਜਾਂ ਯਿਸੂ ਦੀ ਕਿਸੇ ਅਲਿਖਤ ਗੱਲ ਦਾ ਹਵਾਲਾ ਦੇ ਰਿਹਾ ਸੀ।[10] ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਪੌਲੁਸ ਨੇ ਇਹ ਕਵਿਤਾ ਕਿੱਥੋਂ ਲਈ ਪਰ ਪੌਲੁਸ ਵੱਲੋਂ ਇਸ ਦੀ ਵਰਤੋਂ ਕਰਨ ਨਾਲ ਇਹ ਸਾਫ਼ ਹੁੰਦੀ ਲਗਦੀ ਹੈ। ਜਿਹੜੇ ਲੋਕ ਮਸੀਹ ਦੇ ਸੰਦੇਸ਼ ਨੂੰ ਮੰਨਦੇ ਹਨ, ਭਾਵੇਂ ਉਹ ਰੂਹਾਨੀ ਮੌਤ ਦੀ ਨੀਂਦ ਵਿਚ ਹਨ, ਪਰ ਫਿਰ ਵੀ ਉਨ੍ਹਾਂ ਨੂੰ ਜੀ ਉੱਠਣ ਦੇ ਵਾਅਦੇ ਮਿਲੇ ਹਨ। ਮਸੀਹ ਦੀ ਜ਼ਿੰਦਗੀ ਅਤੇ ਚਾਨਣ (ਵੇਖੋ ਯੂਹੰਨਾ 8:12; ਰੋਮੀਆਂ 6:1–4), ਉਨ੍ਹਾਂ ਲੋਕਾਂ ਦੀ ਰਾਹ ਤੱਕਦੇ ਹਨ ਜਿਹੜੇ ਹਨੇਰੇ ਦੇ ਆਪਣੇ ਕੰਮਾਂ ਨੂੰ

ਛੱਡ ਕੇ ਉਨ੍ਹਾਂ ਨਾਲ ਮਿਲ ਜਾਣ ਜਿਹੜੇ ''ਚਾਨਣ ਦੇ ਪੁੱਤਰਾਂ ਵਾਂਗ'' ਚੱਲਦੇ ਹਨ (5:8)।

> ਲੇਖਕ ਆਪਣੇ ਪਾਠਕਾਂ ਨੂੰ ਸਮਝਾਉਣਾ ਚਾਹੁੰਦਾ ਹੈ ਕਿ ਕਲੀਸੀਆ ਦੀ ਜ਼ਿੰਦਗੀ ਉਸ ਸਮਾਜ ਦੀਆਂ ਕਦਰਾਂ ਦੇ ਉਵੇਂ ਹੀ ਉਲਟ ਹੋਵੇ ਜਿਵੇਂ ਚਾਨਣ ਹਨੇਰੇ ਦੇ ਉਲਟ ਹੁੰਦਾ ਹੈ ਅਤੇ ਉਸ ਨਾਲ ਕੋਈ ਮੇਲ ਨਹੀਂ ਰੱਖਦਾ। ... ਆਲੇ ਦੁਆਲੇ ਦੇ ਹਨੇਰੇ ਤੋਂ ਭਰਸ਼ਟ ਹੋਣ ਦੀ ਥਾਂ ਵਿਸ਼ਵਾਸੀਆਂ ਨੂੰ ਇਸ ਉੱਤੇ ਆਪਣਾ ਅਸਰ ਪਾਉਣ ਦੀ ਬੇਨਤੀ ਕੀਤੀ ਗਈ ਹੈ। ਪਾਠਕ ਇਸ ਗੱਲ ਨੂੰ ਵਿਖਾਉਂਦਿਆਂ ਕਿ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਦੂਜਿਆਂ ਵਾਂਗ ਪ੍ਰਕਾਸ਼ ਕੁਝ ਚਕਣ ਵਾਲਾ ਘੱਟ ਨਹੀਂ ਹੈ। ... ਤਾਂ ਜੋ ਚਾਨਣ ਆਪਣੇ ਆਲੇ ਦੁਆਲੇ ਦੇ ਹਨੇਰੇ ਨੂੰ ਬਦਲ ਦਿੰਦਾ ਹੈ। ਚਾਨਣ ਨਾਲ ਲੜਾਈ ਨਾਲ ਹਨੇਰਾ ਜਿੱਤ ਨਹੀਂ ਸਕਦਾ ਕਿਉਂ ਜੋ ਚਾਨਣ ਨੂੰ ਦੇਣ ਵਾਲਾ ਮਸੀਹ ਹੈ।[11]

## ਪ੍ਰਸੰਗਿਕਤਾ

**ਚਾਨਣ ਦੇ ਪੁੱਤਰ** (5:7-14)

5:7–14 ਪੌਲੁਸ ਨੇ ਆਇਤ 8 ਵਿਚ ''ਚਾਨਣ ਦੇ ਪੁੱਤਰਾਂ'' ਵਾਂਗ ਚੱਲਣ ਲਈ ਆਪਣੇ ਪਾਠਕਾਂ ਨੂੰ ਬੇਨਤੀ ਕਰਦਿਆਂ ਤੀਜੀ ਵਾਰ ਦੱਸਿਆ ਕਿ ਮਸੀਹੀ ਲੋਕਾਂ ਨੂੰ ਕਿਵੇਂ ''ਚੱਲਣਾ'' ਚਾਹੀਦਾ ਹੈ।

*ਫ਼ਰਕ।* ਬਾਈਬਲ ਵਿਚ ''ਚਾਨਣ'' ਅਤੇ ''ਹਨੇਰੇ'' ਵਿਚਕਾਰ ਫ਼ਰਕ ਵਿਖਾਇਆ ਗਿਆ ਹੈ। ''ਚਾਨਣ'' ਖ਼ੁਦਾ ਦੇ ਰਾਹ, ਉਸ ਦੀ ਸ਼ਕਤੀ ਅਤੇ ਮਸੀਹੀ ਲੋਕਾਂ ਨੂੰ ਕਿਹਾ ਗਿਆ ਹੈ। ''ਹਨੇਰਾ'' ਸ਼ੈਤਾਨ, ਦੂਨੀਆਂ ਦੇ ਤਰੀਕੇ, ਉਸ ਦੀ ਸ਼ਕਤੀ ਅਤੇ ਗੁਆਚੇ ਹੋਇਆਂ ਨੂੰ ਕਿਹਾ ਗਿਆ ਹੈ।[12] ''ਚਾਨਣ'' ਅਤੇ ''ਹਨੇਰਾ'' ਮਸੀਹ ਅਤੇ ਬੁਰਿਆਈ ਦਾ ਪ੍ਰਤੀਕ ਹਨ (ਯੂਹੰਨਾ 1:1–5, 9; 3:19–21; 8:12; 12:35, 36)। ਇਸ ਤੋਂ ਛੁਟ ''ਚਾਨਣ'' ਅਤੇ ''ਹਨੇਰਾ'' ਨਾਲ ਸਬੰਧ ਵਿਸ਼ਵਾਸੀ ਸਮੀਹੀ ਲੋਕਾਂ ਨੂੰ ਬੇਵਿਸ਼ਵਾਸੇ ਲੋਕਾਂ ਤੋਂ ਅੱਡ ਕਰਦੇ ਹਨ (1 ਯੂਹੰਨਾ 2:4–11)।

*ਦਲੇਰੀ।* ਚਾਨਣ ਵਿਚ ਚੱਲਣਾ ਮਸੀਹੀ ਅਦਾਮੀ ਨੂੰ ਖ਼ੁਦਾ ਨਾਲ ਸਹੀ ਸਬੰਧ ਹੋਣ ਅਤੇ ਪਾਪ ਤੋਂ ਲਗਾਤਾਰ ਸ਼ੁੱਧ ਕੀਤੇ ਜਾਣ ਦੀ ਤਸੱਲੀ ਦਿੰਦਾ ਹੈ (1 ਯੂਹੰਨਾ 1:5–9)।

*ਗਿਆਨ।* ਮਸੀਹੀ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਉਹ ''ਚਾਨਣ'' ਵਿਚ ਚੱਲ ਰਹੇ ਹਨ ਜਦ ਚਾਨਣ ਦਾ ਫ਼ਲ ਦਿੰਦੇ ਹਨ (5:9), ਉਸ ਨੂੰ ਪਾਉਂਦੇ ਹਨ ਜਿਹੜਾ ਖ਼ੁਦਾ ਨੂੰ ਭਾਉਂਦਾ ਹੈ (5:10), ਅਤੇ ਹਨੇਰੇ ਦੇ ਕੰਮਾਂ ਨੂੰ ਨੰਗਿਆਂ ਕਰਨ ਦੇ ਰੂਪ ਵਿਚ ਉਹ ਉਨ੍ਹਾਂ ਨੂੰ ਸਹੀ ਕਿਸਮ ਦਾ ਫ਼ਲ ਦੇਣ ਵਿਚ ਮਦਦ ਕਰਦਾ ਹੈ। ਬਾਈਬਲ ਦੇ ਅਧਿਐਨ ਦੇ ਰਾਹੀਂ ਉਨ੍ਹਾਂ ਨੂੰ ਸਮਝ ਆਉਂਦਾ ਹੈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ। ਅਤੇ ਹਨੇਰੇ ਦੇ ਕੰਮਾਂ ਨੂੰ ਨੰਗਿਆਂ ਕਰਦੇ ਹਨ (5:11–14)। ਮਸੀਹੀ ਲੋਕਾਂ ਦੇ ਖ਼ੁਦਾ ਨੂੰ ਆਪਣੀਆਂ ਜ਼ਿੰਦਗੀਆਂ ਦੇਣ ਅਤੇ ਉਸ ਦੇ ਲੋਕਾਂ ਦੇ ਰੂਪ ਵਿਚ ਰਹਿਣ ਤੇ ਉਹ ਉਨ੍ਹਾਂ ਨੂੰ ਸਹੀ ਕਿਸਮ ਦਾ ਫ਼ਲ ਦੇਣ ਵਿਚ ਮਦਦ ਕਰਦਾ ਹੈ। ਬਾਈਬਲ ਦੇ ਅਧਿਐਨ ਦੇ ਰਾਹੀਂ ਉਨ੍ਹਾਂ: ਨੂੰ ਸਮਝ ਆਉਂਦਾ ਹੈ ਕਿ ਖ਼ੁਦਾ ਨੂੰ ਕੀ ਭਾਉਂਦਾ ਹੈ। ਮਸੀਹੀ ਲੋਕ ਜਦ ਮਜ਼ਬੂਤੀ ਅਤੇ ਦਿਆਲਤਾ ਨਾਲ ਬੁਰਾਈ ਦੇ ਖਿਲਾਫ਼ ਬੋਲਦੇ ਅਤੇ ਸਹੀ ਜ਼ਿੰਦਗੀ ਜੀਉਂਦੇ ਹਨ ਤਾਂ ਸਮਾਜ ਉੱਤੇ ਇਸ ਦਾ ਬੜਾ ਅਸਲ ਹੁੰਦਾ ਹੈ।

*''ਪ੍ਰਭੂ ਵਿਚ ਚਾਨਣ।''* ਪੌਲੁਸ ਨੇ ਅਫ਼ਸੀਆਂ ਨੂੰ ''ਪ੍ਰਭੂ ਵਿਚ ਚਾਨਣ'' ਦੱਸਿਆ (5:8)। ਜਦ ਕੋਈ ਮਸੀਹ ਵਿਚ ਬਪਤਿਸਮਾ ਲੈਂਦਾ ਹੈ ਤਾਂ ਉਸ ਨੂੰ ਖ਼ੁਦਾ ਨਾਲ ਮਿਲਾ ਦਿੱਤਾ ਜਾਂਦਾ ਹੈ, ਪਾਪ ਤੋਂ ਛੁਡਾਇਆਂ ਜਾਂਦਾ ਹੈ ਅਤੇ ਹਰ ਤਰ੍ਹਾਂ ਦੀ ਰੂਹਾਨੀ ਬਰਕਤ ਦਾ ਪਾਉਦ ਵਾਲਾ ਬਣਾ ਦਿੱਤਾ ਜਾਂਦਾ ਹੈ ਅਤੇ ਉਹ ਜਗਤ ਲਈ ਚਾਨਣ ਬਣ ਜਾਂਦਾ ਹੈ (ਵੇਖੋ 1:3–14; 2:13–16; ਮੱਤੀ 5:16)।

*ਸਾਰ।* ਮਸੀਹੀ ਲੋਕ ਸੰਸਾਰ ਵਿਚ ਹਨ, ਪਰ ਉਹ ਸੰਸਾਰ ਦੇ ਨਹੀਂ ਹਨ। ਕਲੀਸੀਆ ਸੰਸਾਰ

ਨੂੰ ਗਲੇ ਨਹੀਂ ਲਾਉਂਦੀ ਬਲਅਕਿ ਜਿਵੇਂ ਚਾਨਣ ਹਨੇਰੇ ਤੋਂ ਨਿੱਕਲ ਜਾਂਦਾ ਹੈ ਉਵੇਂ ਉਹ ਸੰਸਾਰ ਦਾ ਸਾਹਮਣਾ ਕਰਦੀ ਹੈ।

ਜੇ ਲੌਕਹਰਟ

**ਖ਼ੁਦਾ ਦੀ ਨਕਲ ਕਰਨ ਵਾਲੇ** (5: 1-14)

ਸੰਸਾਰ ਦੇ ਆਲੇ ਦੁਆਲੇ ਬਚਿਆਂ ਦੀ ਇਕ ਖੂਬੀ ਇਹ ਹੈ ਕਿ ਉਹ ਉਨ੍ਹਾਂ ਹੀ ਲੋਕਾਂ ਦੀ ਰੀਸ ਕਰਦੇ ਹਨ ਜਿਨ੍ਹਾਂ ਨਾਲ ਉਹ ਪਿਆਰ ਕਰਦੇ ਹਨ। ਮਾਂ ਵੱਲੋਂ ਆਪਣੇ ਬੱਚੇ ਤੋਂ ਪੁੱਛੇ ਜਾਣ ਤੇ ਕਿ ਉਹ ਕੀ ਖਾਣਾ ਪਸੰਦ ਕਰੇਗਾ, ਤਾਂ ਉਸ ਦਾ ਜਵਾਬ ਹੋ ਸਕਦਾ ਹੈ, ''ਮੈਂ ਉਹੀ ਖਾਵਾਂਗਾ ਜੋ ਡੈਡੀ ਖਾ ਰਹੇ ਹਨ।'' ਬੱਚਿਆਂ ਨੂੰ ਅਸਲ ਕਰਨ ਦੀ ਪਰਵਾਹ ਨਹੀਂ ਹੁਦੀ, ਬਲਕਿ ਉਨ੍ਹਾਂ ਨੂੰ ਆਪਣੇ ਆਦਰਸ਼ਾਂ ਵਰਗੇ ਬਣਨ ਦੀ ਪੂਰੀ ਪਰਵਾਹ ਹੁੰਦੀ ਹੈ।

ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਸਾਨੂੰ ਕਿਹਾ ਗਿਆ ਹੈ ਕਿ ''ਪਰਮੇਸ਼ੁਰ ਦੀ ਰੀਸ ਕਰੋ'' (5: 1)। ਜੇ ਅਸੀਂ ਖ਼ੁਦਾ ਦੇ ਵਰਗੇ ਬਣਨਾ ਚਾਹੁੰਦੇ ਹਾਂ ਤਾਂ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦ ਹੈ? 5: 1–14 ਵਿਚ ਪੌਲੁਸ ਨੇ ਕਿਹਾ ਕਿ ''ਪਰਮੇਸ਼ੁਰ ਦੀ ਰੀਸ'' ਲੋਕ ਦੋ ਤਰ੍ਹਾਂ ਨਾਲ ਕਰਕੇ ਉਹਦੇ ਵਰਗੇ ਹੋ ਸਕਦੇ ਹਨ।

1. *ਪ੍ਰੇਮ ਦੀ ਸੰਤਾਨ* (5: 1–7)। ''ਸੋ ਤੁਸੀਂ ਸਾਰਿਆਂ ਪੁੱਤਰਾਂ ਵਾਂਗੂ ਪਰਮੇਸ਼ੁਰ ਦੀ ਰੀਸ ਕਰੋ ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਤੁਹਾਡੇ ਲਈ ਆਪਣੇ ਆਪ ਨੂੰ ... ਦੇ ਦਿੱਤਾ'' (5: 1, 2)।

ਇਸ ਪਹਿਲੀ ਨੂੰ ਸਮਝਣ ਦੀ ਕੁੰਜੀ ''ਸੋ'' ਸ਼ਬਦ ਵਿਚ ਮਿਲਦੀ ਹੈ। ਇਹ ਸ਼ਬਦ 4:32 ਵਿਚ ਦੱਸੇ ਗਏ ਨਿਯਮ ਨੂੰ ਪਿੱਛੇ ਵੱਲ ਧੱਕ ਦਿੰਦਾ ਹੈ: ''ਅਤੇ ਤੁਸੀਂ ਇਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ਼ ਕੀਤਾ।'' ਖ਼ੁਦਾ ਨੂੰ ਪ੍ਰੇਮੀ ਮਾਫ਼ ਕਰਨ ਵਾਲੇ ਦੇ ਰੂਪ ਵਿਚ ਵਿਖਾਇਆ ਗਿਆ ਹੈ। ਖ਼ੁਦਾ ਦੀ ਰੀਸ ਕਰਨ ਦੇ ਪੌਲੁਸ ਦੇ ਹੁਕਮ ਨੂੰ ਬੇਹਤਰੀਨ ਢੰਗ ਨਾਲ ਅਸੀਂ ਉਦੋਂ ਪੂਰਾ ਕਰਦੇ ਹਾਂ ਜਦ ਅਸੀਂ ਆਪ ਪ੍ਰੇਮੀ ਮਾਫ਼ ਕਰਨ ਵਾਲੇ ਬਣ ਜਾਂਦੇ ਹਾਂ। ਸਾਡੇ ਲਈ ਕਿਰਪਾਲੂ ਬਣਨਾ ਜ਼ਰੂਰੀ ਹੈ; ਸਾਨੂੰ ਦਯਾਲੂ ਹੋਣਾ ਜ਼ਰੂਰੀ ਹੈ ਨਾ ਕਿ ਸਖ਼ਤ, ਨਾ ਜ਼ਾਲਿਮ, ਅਤੇ ਨਾ ਉਦਾਸੀਨ। ਸਾਨੂੰ ਮਾਫ਼ ਕਰਨ ਵਾਲੇ ਬਣਨਾ ਜ਼ਰੂਰੀ ਹੈ। ਪ੍ਰੇਮ ਨੂੰ ਹਕੀਕਤ ਇਸੇ ਤੋਂ ਮਿਲਦੀ ਹੈ ਕਿਉਂ ਜੋ ਪ੍ਰੇਮ ਜਿਹੜਾ ਮਾਫ਼ ਨਹੀਂ ਕਰ ਸਕਦਾ ਅਸਲ ਵਿਚ ਉਹ ਪ੍ਰੇਮ ਹੈ ਹੀ ਨਹੀਂ।

ਮੱਤੀ 18 ਵਿਚ ਸਾਨੂੰ ਇਸ ਨਿਯਮ ਉੱਤੇ ਯਿਸੂ ਦੀ ਆਪਣੀ ਵਿਆਖਿਆ ਮਿਲਦੀ ਹੈ। ਪਤਰਸ ਨੇ ਯਿਸੂ ਤੋਂ ਪੁੱਛਿਆ ਸੀ ਕਿ ਆਦਮੀ ਨੂੰ ਆਪਣੇ ਭਾਈ ਨੂੰ ਕਿੰਨੀ ਵਾਰ ਮਾਫ਼ ਕਰ ਦੇਣਾ ਚਾਹੀਦਾ ਹੈ। ਯਹੂਦੀ ਰੱਬੀ ਇਹ ਸਿਖਾਉਂਦੇ ਸਨ ਕਿ ਕਿਸੇ ਨੂੰ ਤਿੰਨ ਵਾਰ ਮਾਫ਼ ਕਰਨਾ ਕਾਫ਼ੀ ਹੈ ਕਿਉਂਕਿ ਆਖ਼ਰ ਉਸ ਨੂੰ ਉਸ ਦੀ ਜ਼ਿੰਮੇਵਾਰੀ ਤੋਂ ਮੁਕਤ ਕੀਤਾ ਜਾ ਰਿਹਾ ਹੁੰਦਾ ਹੈ। ਸ਼ਾਇਦ ਪ੍ਰਭੂ ਨੂੰ ਇਹ ਵਿਖਾਉਣ ਲਈ ਕਿ ਉਹ ਉਸ ਦੀ ਸਰਪਰਸਤੀ ਵਿਚ ਕਿੰਨਾ ਪਰਿਪੱਕ ਹੋ ਗਿਆ ਹੈ, ਪਤਰਸ ਨੇ ਆਪਣੇ ਹੀ ਸਵਾਲ ਦਾ ਜਵਾਬ ਸੱਤ ਵਾਰ ਮਾਫ਼ ਕਰਨ ਦਾ ਸੁਝਾਅ ਦੇ ਕੇ ਦੇ ਦਿੱਤਾ। ਯਿਸੂ ਨੇ ਜਵਾਬ ਦਿੱਤਾ, ''ਮੈ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ ਪਰ ਸੱਤਰ ਦੇ ਸੱਤ ਗੁਣਾ ਤੀਕਰ'' (ਮੱਤੀ 18:22)। ਕਹਿਣ ਦਾ ਮਤਲਬ ਹਿਸਾਬ ਰੱਖਣਾ ਨਹੀਂ ਬਲਕਿ ਵਿਹਾਰ ਹੈ। ਮਾਫ਼ ਕਰਨ ਵਾਲਾ ਵਿਹਾਰ ਖ਼ੁਦਾ ਦੇ ਵਿਆਰ ਦੀ ਰੀਸ ਕਰਨ ਦੀ ਬੁਨਿਆਦ ਹੈ।

ਭਲਾ ਅਸੀਂ ਖ਼ੁਦਾ ਦੀ ਗਲਤੀ ਕੀਤੀ ਹੈ? ਹਾਂ ਬੇਸ਼ੱਕ ਕੀਤੀ ਹੈ! ਅਸੀਂ ਉਸ ਦੇ ਖਿਲਾਫ਼ ਬਗਾਵਤ ਕੀਤੀ ਹੈ, ਉਸ ਨੂੰ ਤੁੱਛ ਜਾਣਿਆ ਹੈ, ਉਸ ਨੂੰ ਨਫ਼ਰਤ ਕੀਤੀ ਹੈ, ਉਸ ਨੂੰ ਠੁਕਰਾਇਆ

ਹੈ। ਫਿਰ ਵੀ ਉਸ ਨੇ ਸਾਨੂੰ ਮਾਫ਼ ਕਰ ਦਿੱਤਾ। ਸਲੀਬ ਉੱਤੇ ਮਸੀਹ ਦੀ ਮੌਤ ਖ਼ੁਦਾ ਵੱਲੋਂ ਸਾਫ਼ ਸਾਫ਼ ਅਤੇ ਉਹ ਮਾਫ਼ੀ ਸੀ ਜਿਸ ਨੂੰ ਕਮਾਇਆ ਨਹੀਂ ਜਾ ਸਕਦਾ (ਰੋਮੀਆਂ 5:8)। ਅਜਿਹੀ ਹੀ ਮਾਫ਼ੀ ਵਿਖਾਉਣੀ ਸਾਡੇ ਲਈ ਜ਼ਰੂਰੀ ਹੈ।

ਅਜਿਹੀ ਮਾਫ਼ੀ ਵਿਖਾਉਣ ਦਾ ਕੀ ਕਾਰਣ ਹੈ? ਪ੍ਰੇਮ। ਯਾਦ ਰੱਖੋ ਕਿ ਪੌਲੁਸ ਨੇ ਅਧਿਆਇ 2 ਵਿਚ ਕੀ ਕਿਹਾ ਸੀ। ਉਸ ਨੇ ਕਿਹਾ ਸੀ ਕਿ ਅਸੀਂ ਪਾਪਾਂ ਵਿਚ ਮੋਏ ਹੋਏ ਸਾਂ; ਅਸੀਂ ਇਸ ਸੰਸਾਰ ਦੇ ਮੁਤਾਬਿਕ ਜ਼ਿੰਦਗੀ ਬਸਰ ਕਰ ਰਹੇ ਸਾਂ। ਅਸੀਂ ਹੁਕਮ ਨਾ ਮੰਨਣ ਵਾਲੇ ਲੋਕ ਸਾਂ; ਅਸੀਂ ਆਪਣੇ ਸਰੀਰ ਦੀ ਕਾਮਨਾ ਦੇ ਅਨੁਸਾਰ ਚੱਲਦੇ ਸਾਂ। ''ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦੇ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। ਜਦੋਂ ਅਸੀਂ ਅਪਰਾਧਾਂ ਦੇ ਕਾਰਣ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ ...'' (2:4, 5)।

ਸਲੀਬ ਨਾਲ ਮਾਫ਼ੀ ਇਕ ਹਕੀਕਤ ਬਣ ਗਈ ਸੀ, ਪਰ ਸਲੀਬ ਨੂੰ ਹਕੀਕਤ ਖ਼ੁਦਾ ਦੇ ਪਿਆਰ ਨੇ ਬਣਾਇਆ। ਜਿਵੇਂ ਖ਼ੁਦਾ ਨੇ ਮਸੀਹ ਵਿਚ ਸਾਨੂੰ ਮਾਫ਼ ਕੀਤਾ ਹੈ ਉਸੇ ਤਰ੍ਹਾਂ ਇਕ ਦੂਜੇ ਨੂੰ ਮਾਫ਼ ਕਰਨ ਦੀ ਪੌਲੁਸ ਦੀ ਤਾੜਨਾ ਪਿੱਛੇ ਇਹੀ ਕਾਰਣ ਸੀ। ਇਸੇ ਕਰਕੇ ਪੌਲੁਸ ਨੇ ਬੇਨਤੀ ਕੀਤੀ, ''ਸੋ... ਪਰਮੇਸ਼ੁਰ ਦੀ ਰੀਸ ਕਰੋ ਅਤੇ ਪ੍ਰੇਮ ਨਾਲ ਚੱਲੋ'' (5:1, 2)।

ਪੌਲੁਸ ਨੇ ਸਾਨੂੰ ਕਿਸੇ ਨੂੰ ਵੀ ਜਿਸ ਨੇ ਸਾਡਾ ਮਾੜਾ ਕੀਤਾ ਹੋਵੇ, ਮਾਫ਼ ਕਰਨ ਲਈ ਪ੍ਰੇਮ ਨਾਲ ਅੱਗੇ ਵੱਧਣ ਦੀ ਚੁਣਤੀ ਹੈ। ਅਜਿਹਾ ਕਰਨਾ ਮੁਸ਼ਕਿਲ ਹੈ ਕਿਉਂ ਜੋ ਦਰੇਗ ਮਨ ਵਿਚ ਰੱਖਣਾ ਅਤੇ ਅੰਦਰ ਅੰਦਰ ਕੁਰੀ ਜਾਣਾ ਬਹੁਤ ਅਸਾਨ ਹੈ। ਮਾਫ਼ ਕਰਨ ਦੀ ਖ਼ੁਦਾ ਦੀ ਇੱਛਾ ਸਾਡਾ ਮਿਆਰ ਹੈ।

(1) ਨਕਲ ਕਰਨ ਦੀ ਉਦਾਹਰਣ। ਖ਼ੁਦਾ ਨੂੰ ਪਤਾ ਸੀ ਕਿ ਸਾਨੂੰ ਉਸ ਦੇ ਵਰਗੇ ਬਣਨ ਲਈ ਸਿਰਫ਼ ਸਮਝਾਉਣ ਨਾਲੋਂ ਵੱਧ ਦੀ ਲੋੜ ਹੋਣੀ ਸੀ। ਭਾਵ ਸਾਨੂੰ ਨਕਲ ਕਰਨ ਲਈ ਇਕ ਨਮੂਨਾ ਚਾਹੀਦਾ ਸੀ। ਹਰ ਮਸੀਹੀ ਲੋਕਈ ਉਹ ਨਮੂਨਾ ਯਿਸੂ ਮਸੀਹ ਭਾਵ ਪਰਮੇਸ਼ੁਰ ਜਿਹੜਾ ਮਨੁੱਖ ਬਣਿਆ ਹੈ। ਤੁਸੀਂ ਜਾਣਨਾ ਚਾਹੁੰਦੇ ਹੋ ਕਿ ਖ਼ੁਦਾ ਕਿਹੋ ਜਿਹਾ ਹੈ। ਤੁਸੀਂ ਜਾਣਨਾ ਚਾਹੁੰਦੇ ਹੋ ਕਿ ਖ਼ੁਦਾ ਤੁਹਾਨੂੰ ਕਿਵੇਂ ਪ੍ਰੇਮ ਕਰਦਾ ਹੈ? ਤਾਂ ਫਿਰ ਯਿਸੂ ਨੂੰ ਵੇਖ ਲਵੋ। ਉਸ ਨੇ ''ਤੁਹਾਨੂੰ ਪ੍ਰੇਮ ਕੀਤਾ ਹੈ ਅਤੇ ਸਾਡੇ ਲਈ ਆਪਣੇ ਆਪ ਨੂੰ ਦੇ ਦਿੱਤਾ।'' ਪ੍ਰੇਮ ਨੂੰ ਇਹੀ ਗੱਲ ਭਾਵ ਆਪਣੇ ਆਪ ਨੂੰ ਨਾਂਹ ਕਹਿਣਾ ਅਤੇ ਕਿਸੇ ਦੂਜੇ ਲਈ ਆਪਣੇ ਆਪ ਨੂੰ ਦੇ ਦੇਣਾ ਹੈ। ਪ੍ਰੇਮ ਨੂੰ ਗਤੀ ਦੇਣਾ ਹੈ। ਸਾਡੇ ਪ੍ਰਭੂ ਵੱਲੋਂ ਵਿਖਾਇਆ ਗਿਆ ਸੱਚਾ ਪ੍ਰੇਮ ਨਿਰਸਵਾਰਥ, ਤਿਆਗ ਭਰਿਆ, ਕੁਰਬਾਨੀ ਭਰਿਆ, ਹਲੀਮੀ ਨਾਲ ਆਪਣੇ ਹੱਕਾਂ ਨੂੰ ਦੇ ਦੇਣ ਦੀ ਇੱਛਾ ਹੈ ਤਾਂ ਜੋ ਕਿਸੇ ਹੋਰ ਨੂੰ ਬਰਕਤ ਮਿਲ ਸਕੇ।

ਯਕੀਨਨ ਹੀ ਸਾਡੇ ਸੰਸਾਰ ਦੇ ਪ੍ਰੇਮ ਦਾ ਇਹ ਨਮੂਨਾ ਨਹੀਂ ਹੈ। ਸੰਸਾਰ ਦਾ ਨਮੂਨਾ ਇਹ ਹੈ ਕਿ ''ਜਦ ਤਕ ਤੁਸੀਂ ਮੇਰੀਆਂ ਲੋੜਾਂ ਨੂੰ ਪੂਰਿਆਂ ਕਰਦੇ ਹੋ, ਤੁਸੀਂ ਆਲੇ ਦੁਆਲੇ ਰਹਿ ਸਕਦੇ ਹੋ।'' ਸੰਸਾਰ ਦਾ ਪ੍ਰੇਮ ਕਾਰਕ ਤੇ ਅਧਾਰਿਤ ਹੈ। ਇਹ ਕਹਿੰਦਾ ਹੈ, ''ਮੈਂ ਤੈਨੂੰ ਪ੍ਰੇਮ ਕਰਦਾ ਹਾਂ ਕਿਉਂਕਿ ਪ੍ਰੇਮ ਕਰਨ ਲਈ ਤੂੰ ਚੰਗਾ ਹੈ''; ''ਮੈਂ ਤੈਨੂੰ ਪ੍ਰੇਮ ਕਰਦਾ ਹਾਂ ਕਿਉਂ ਇਸ ਨਾਲ ਮੈਨੂੰ ਚੰਗਾ ਲੱਗਦਾ ਹੈ''; ''ਮੈਂ ਤੈਨੂੰ ਪ੍ਰੇਮ ਕਰਦਾ ਹਾਂ ਕਿਉਂਕਿ ਤੂੰ ਮੈਨੂੰ ਕੋਈ ਦੁੱਖ ਨਹੀਂ ਦਿੱਤਾ ਜਾਂ ਮੇਰੀਆਂ ਭਾਵਨਾਵਾਂ ਨੂੰ ਸੱਟ ਨਹੀਂ ਲਾਈ ਹੈ।''

ਖ਼ੁਦਾ ਦਾ ਪ੍ਰੇਮ ਅਜਿਹਾ ਨਹੀਂ ਹੈ। ਖ਼ੁਦਾ ਵਾਲਾ ਪ੍ਰੇਮ ਕਹਿੰਦਾ ਹੈ, ''ਮੇਰੇ ਦੋਸਤ ਜੇ ਤੂੰ ਮੈਨੂੰ ਦੁੱਖ ਦੇਵੇਂ, ਤੂੰ ਜੋ ਵੀ ਕਰੇਂ, ਬਦਲੇ ਵਿਚ ਤੈਨੂੰ ਪਿਆਰ ਮਿਲੇਗਾ!'' ਖ਼ੁਦਾ ਲਈ ਪ੍ਰੇਮ ਕਦੇ ਕਾਰਕ ਨਾਲ ਨਹੀਂ ਚੱਲਦਾ। ਪ੍ਰੇਮ ਖ਼ੁਦਾ ਵੱਲੋਂ ਆਉਂਦਾ ਹੈ ਕਿਉਂਕਿ ਪ੍ਰੇਮ ਕਰਨਾ ਉਸ ਦਾ ਸੁਭਾਅ ਹੈ।

(2) ਛੱਡੇ ਜਾਣ ਵਾਲੀ ਬੁਰਾਈ। ਜੇ ਅਸੀਂ ਖ਼ੁਦਾ ਦੀ ਰੀਸ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰੇਮ ਦੇ ਵਿਗੜੇ ਰੂਪਾਂ ਨੂੰ ਛੱਡਣਾ ਪਵੇਗਾ (5:3, 4)।

ਪ੍ਰੇਮ ਬਾਰੇ ਸੰਸਾਰ ਬਾਰੇ ਸੋਚ ਵਿਗੜੀ ਹੋਈ ਹੈ। ਇਹ ਖ਼ੁਦਗਰਜ਼ ਹੈ ਜਿਵੇਂ ਕਿ ਪੌਲੁਸ ਵੱਲੋਂ

ਦੱਸੇ ਗਏ ਪਾਪਾਂ ਵਿਚ ਵਿਖਾਇਆ ਗਿਆ ਹੈ। ਉਦਾਹਰਣ ਲਈ ਜਿਨਸੀ ਅਨੈਤਿਕਤਾ ਜਿਨਸੀ ਪਾਪ ਦੇ ਹਰ ਰੂਪ ਨੂੰ ਅਪਣਾ ਲੈਂਦੀ ਹੈ ਅਤੇ ਆਪਣੇ ਆਪ ਨੂੰ ਸੰਤੁਸ਼ਟ ਕਰਨ ਵਾਲੀ ਹੈ। ਆਪਣੀ ਪਤਨੀ ਨਾਲ ਬੇਵਫ਼ਾਈ ਕਰਨ ਵਾਲੇ ਪਤੀ ਉੱਤੇ ਵਿਚਾਰ ਕਰੋ। ਉਹ ਉਹ ਕੰਮ ਨਹੀਂ ਕਰ ਰਿਹਾ ਹੋ ਸਕਦਾ ਜਿਹੜਾ ਉਸ ਦੀ ਪਤਨੀ ਦੀ ਬੇਹਤਰੀ ਵਾਸਤੇ ਹੋਵੇ। ਅਸਲ ਵਿਚ ਜੋ ਕੁਝ ਉਹ ਕਰ ਰਿਹਾ ਹੈ ਉਹ ਉਸ ਦੀ ਆਪਣੀ ਹਵਸ ਅਤੇ ਲਾਲਸਾਵਾਂ ਨੂੰ ਪੂਰਾ ਕਰਨਾ ਹੈ। ਯਿਸੂ ਨੇ ਅਜਿਹੇ ਨਮੂਨੇ ਦਾ ਪਾਲਣ ਕਰਨ ਲਈ ਸਾਨੂੰ ਨਹੀਂ ਦਿੱਤਾ।

''ਲੋਭ'' ਪਹਿਲਾਂ ਤਾਂ ਪੌਲੁਸ ਵੱਲੋਂ ਦਿੱਤੀ ਇਸ ਫ਼ਰਿਸ਼ਤ ਵਿੱਚੋਂ ਬਾਹਰ ਲਗਦਾ ਹੈ। ਅਸਲ ਵਿਚ ਇਹ ਵੀ ਵਿਗੜੇ ਹੋਏ ਪ੍ਰੇਮ ਦਾ ਵੀ ਇਕ ਰੂਪ ਹੈ। ਦਸਵੇਂ ਹੁਕਮ ਵਿਚ ਕਿਹਾ ਗਿਆ ਸੀ, ''ਤੂੰ ਆਪਣੇ ਗੁਆਂਢੀ ਦੀ ਤੀਵੀਂ ਦੀ ਲਾਲਸਾ ਨਾ ਕਰ, ਨਾ ਆਪਣੇ ਗੁਆਂਢੀ ਦੀ ਕਿਸੇ ਚੀਜ਼ ਦੀ'' (ਵਿਵਸਥਾਸਾਰ 5:21)। ਜਿਨਸੀ ਅਨੈਤਿਕਤਾ ਵਿਚ ਅਜਿਹੇ ਸਬੰਧ ਦੀ ਲਾਲਸਾ ਕਰਨਾ ਜਾਂ ਚਾਹ ਕਰਨਾ ਹੋ ਸਕਦਾ ਹੈ ਜੋ ਸਹੀ ਨਾ ਹੋਵੇ। ਅਜਿਹੇ ਮਾਮਲੇ ਵਿਚ ਲਾਲਸਾ ਆਦਮੀ ਤੋਂ ਆਪਣੀ ਹੀ ਬੇਹਤਰੀ ਲਈ ਕੰਮ ਕਰਵਾ ਸਕਦੀ ਹੈ, ਨਾ ਕਿ ਆਪਣੇ ਗੁਆਂਢੀ ਦੀ ਬੇਹਤਰੀ ਲਈ। ਇਹ ਆਪਣੇ ਆਪ ਨਾਲ ਪ੍ਰੇਮ ਕਰਨਾ ਦਾ ਇਕ ਰੂਪ ਹੈ ਜੋ ਕਿ ਅਖ਼ਰੀ ਵਿਚ ਵਿਗੜਿਆ ਹੋਇਆ ਪ੍ਰੇਮ ਹੈ। ਹਰਾਨੀ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਨੇ ਅਜਿਹੇ ਕੰਮਾਂ ਨੂੰ ਖ਼ੁਦਾ ਦੇ ਲੋਕਾਂ ਲਈ ''ਨਹੀਂ'' ਦੱਸਿਆ ਹੈ (5:4)।

ਨਾ ਸਿਰਫ਼ ਸਾਨੂੰ ਅਜਿਹੇ ਕੰਮਾਂ ਤੋਂ ਦੂਰ ਰਹਿਣਾ ਬਲਕਿ ਸਾਨੂੰ ਇਨ੍ਹਾਂ ਦੀ ਗੱਲ ਵੀ ਨਹੀਂ ਕਰਨੀ ਚਾਹੀਦੀ। ਸਾਨੂੰ ਅਸ਼ਲੀਲਤਾ ਵਾਲੀਆਂ ਗੱਲਾਂ ਨਹੀਂ ਬੋਲਣੀਆਂ ਚਾਹੀਦੀਆਂ। (ਅਸੀਂ ਇੱਥੇ ਖ਼ਾਸ ਤੌਰ ਤੇ ਅਸ਼ਲੀਲ ਟਿੱਪਣੀਆਂ ਦੀ ਗੱਲ ਮੰਨਦੇ ਹਾਂ।) ਨਾਂ ਹੀ ਸਾਨੂੰ ਮੂਰਖਤਾ ਭਰੀਆਂ ਗੱਲਾਂ ਭਾਵ ਅਜਿਹੀ ਗੱਲਬਾਤ ਵਿ ਸ਼ਾਮਿਲ ਹੋਣਾ ਚਾਹੀਦਾ ਹੈ ਜਿਸ ਵਿਚ ਲੋਕਾਂ ਲਈ ਖ਼ੁਦਾ ਦੇ ਉੱਤੇ ਮਾਪਦੰਡਾਂ ਦਾ ਮਜ਼ਾਕ ਅਤੇ ਠੱਡਾ ਉਡਾਇਆ ਜਾਂਦਾ ਹੋਵੇ। ''ਠੱਠੇ'' ਸ਼ਬਦ ਯੂਨਾਨੀ ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਅਸਾਨੀ ਨਾਲ ਬਦਲ ਸਕਣ ਵਾਲਾ'' ਕੁਝ ਲੋਕ ਕਿਸੇ ਵੀ ਗੱਲ ਜਾਂ ਕੰਮ ਨੂੰ ਅਸ਼ਲੀਲ ਬਣਾ ਸਕਦੇ ਹਨ। ਅਜਿਹੀਆਂ ਦੋ ਅਰਥੀ ਗੱਲਾਂ ਖ਼ੁਦਾ ਦੀ ਰੀਸ ਕਰਨ ਵਾਲੇ ਦੀ ਜ਼ਿੰਦਗੀ ਨੂੰ ਦਾਗੀ ਬਣਾ ਸਕਦੀਆਂ ਹਨ। ਜਿਹੜਾ ਆਦਮੀ ਉਸ ਤਰ੍ਹਾਂ ਨਾਲ ਪ੍ਰੇਮ ਨਹੀਂ ਕਰ ਸਕਦਾ ਜਿਵੇਂ ਖ਼ੁਦਾ ਕਰਦਾ ਹੈ ਅਤੇ ਉਸ ਦਾ ਮੂੰਹ ਗੰਦਾ ਹੈ, ਉਹ ਉਸ ਨੂੰ ਤੁੱਛ ਮੰਨਦਾ ਹੈ ਜਿਸ ਨੂੰ ਖ਼ੁਦਾ ਪਿਆਰਾ ਮੰਨਦਾ ਹੈ।

ਵਿਗੜੇ ਹੋਏ ਪ੍ਰੇਮ ਦੇ ਜ਼ਿੰਦਗੀ ਵਿਚ ਬਣੇ ਰਹਿਣ ਵਾਲਿਆਂ ਨੂੰ ਬਾਈਬਲ ਦੀ ਸਖ਼ਤ ਚਿਤਾਵਨੀ ਹੈ:

> ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਯਾ ਭ੍ਰਿਸ਼ਟ ਯਾ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪਰਮੇਸ਼ੁਰ ਦੇ ਰਾਜ ਵਿਚ ਅਧਕਾਰ ਨਹੀਂ।
>
> ਕੋਈ ਤੁਹਾਨੂੰ ਫੋਕੀਆਂ ਗੱਲਾਂ ਨਾਲ ਧੋਖਾ ਨਾ ਦੇਵੇ ਕਿਉਂ ਜੋ ਇਹਨਾਂ ਗੱਲਾਂ ਦੇ ਕਾਰਣ ਪਰਮੇਸ਼ੁਰ ਦਾ ਕੋਪ ਅਣਆਗਿਆਕਾਰੀ ਦੇ ਪੁੱਤਰਾਂ ਉੱਤੇ ਪੈਂਦਾ ਹੈ। ਸੋ ਤੁਸੀਂ ਉਨ੍ਹਾਂ ਦੇ ਸਾਂਝੀ ਨਾ ਹੋਵੋ (5:5–7)।

ਸਾਡਾ ਸੰਸਾਰ ਸਾਨੂੰ ਦੱਸ ਰਿਹਾ ਹੈ, ''ਤੈਨੂੰ ਇਖ਼ਤਿਆਰ ਹੈ ਕਿ ਜੋ ਚਾਹੇਂ ਕਰੇਂ! ਵਿਆਹ ਤੋਂ ਪਹਿਲਾਂ ਸੈਕਸ ਵਿਚ ਕੋਈ ਬੁਰਾਈ ਨਹੀਂ ਹੈ।'' ਅਜਿਹੇ ਵਿਸ਼ਵਾਸਾਂ ਨੂੰ ਮੰਨਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੀ ਦਿਲਚਸਪੀ ਸਿਰਫ਼ ਆਪਣੀਆਂ ਹੀ ਜਿਸਮਾਨੀ ਖ਼ਾਹਿਸ਼ਾਂ ਨੂੰ ਪੂਰਾ ਕਰਨ ਵਿਚ ਹੈ। ਪੌਲੁਸ ਨੇ ਸੰਸਾਰ ਦੇ ਫ਼ਲਸਫ਼ੇ ਨਾਲ ਗੁਮਰਾਹ ਹੋਣ ਤੋਂ ਬਚਨ ਦੀ ਚਿਤਾਵਨੀ ਦਿੱਤੀ ਸੀ। ਸੰਸਾਰ ਦੇ ਲੋਕ ਬੰਦਿਸ਼ਾਂ ਤੋਂ ਅਜ਼ਾਦੀ ਦੀ ਗੱਲ ਕਰਦੇ ਹਨ ਪਰ ਅਜਿਹੀ ਹਰ ਸੋਚ ਖ਼ੁਦਗਰਜ਼ ਹੈ। ਪੌਲੁਸ ਆਖ ਰਿਹਾ ਸੀ, ''ਅਜਿਹੀਆਂ ਗੱਲਾਂ ਤੇ ਯਕੀਨ ਨਾ ਕਰੋ। ਅਖ਼ੀਰ ਵਿਚ ਖ਼ੁਦਾ ਦਾ ਕਹਿਰ ਉਨ੍ਹਾਂ ਸਾਰਿਆਂ ਉੱਤੇ ਪਵੇਗਾ ਜਿਹੜੇ ਵਿਗੜੇ ਹੋਏ ਪ੍ਰੇਮ ਨਾਲ ਚੱਲਦੇ ਹਨ, ਭਾਵੇਂ ਉਹ ਆਪਣੇ ਆਪ ਨੂੰ

ਮਸੀਹੀ ਹੀ ਕਿਉਂ ਨਾ ਕਹਿੰਦੇ ਹੋਣ। ਖ਼ੁਦਾਈ ਪ੍ਰੇਮ ਦੇ ਉਸ ਨਮੂਨੇ ਵਿਚ ਬਣੇ ਰਹੋ ਜਿਹੜਾ ਯਿਸੂ ਨੇ ਤੁਹਾਨੂੰ ਵਿਖਾਇਆ।''

2. *ਚਾਨਣ ਦੇ ਪੁੱਤਰ* (5:8–14)। ''ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ। ... ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ'' (5:8–10)। ਚਾਨਣ ਸਚਿਆਈ ਦਾ ਪ੍ਰਤੀਕ ਹੈ। ਇਕ ਸਮਾਂ ਸੀ ਜਦ ਸਾਡੀਆਂ ਜ਼ਿੰਦਗੀਆਂ ਦੀ ਪਛਾਣ ਉਸ ਸਭ ਨਾਲ ਹੁੰਦੀ ਸੀ ਜੋ ਚਾਨਣ ਨਹੀਂ ਹੈ (5:8)। ਅਸੀਂ ਰੂਹਾਨੀ ਹਨੇਰੇ ਵਿਚ ਚੱਲਦੇ ਸਾਂ ਅਤੇ ਉਹ ਕੰਮ ਕਰਦੇ ਸਾਂ ਜਿਹੜੇ ਉਸ ਸਭ ਦੇ ਖਿਲਾਫ਼ ਸਨ ਜਿਸ ਤੋਂ ਖ਼ੁਦਾ ਦਾ ਪਤਾ ਲੱਗਦਾ ਹੈ। ਹੁਣ ਯਿਸੂ ਦੇ ਮਗਰ ਚੱਲ ਕੇ ਸਾਡੀਆਂ ਅੱਖਾਂ ਖੁਲ੍ਹ ਗਈਆਂ ਹਨ ਅਤੇ ਅਸੀਂ ਸਚਿਆਈ ਨਾਲ ਚੱਲਦੇ ਹਾਂ। ਅਸੀਂ ਉਨ੍ਹਾਂ ਝੂਠੀਆਂ ਕਦਰਾਂ ਅਤੇ ਫਿਲਾਸਫ਼ੀਆਂ ਨੂੰ ਪਛਾਣ ਚਾਂਦੇ ਹਾਂ ਜੋ ਵਿਆਹਾਂ, ਰਿਸ਼ਤਿਆਂ ਅਤੇ ਜ਼ਿੰਦਗੀਆਂ ਨੂੰ ਤਬਾਹ ਕਰ ਦਿੰਦੇ ਹਨ। ਹੁਣ ਅਸੀਂ ਇਹ ਨਹੀਂ ਕਹਿੰਦੇ ਕਿ ਮੈਨੂੰ ਇਸ ਵਿਚ ਕੋਈ ਬੁਰਿਆਈ ਨਜ਼ਰ ਨਹੀਂ ਆਉਂਦੀ। ਕਿਉਂਕੀ ਸਾਡੀਆਂ ਅੱਖਾਂ ਪਾਪਨੂੰ ਉਵੇਂ ਵੇਖਦੀਆਂ ਹਨ ਜਿਵੇਂ ਇਹ ਹੈ।

(1) ਸਾਡੀਆਂ ਖੂਬੀਆਂ (5:9)। ਹੁਣ ਸਾਡੀਆਂ ਜ਼ਿੰਦਗੀਆਂ ਦੀ ਪਛਾਣ ਦੀਆਂ ਤਿੰਨ ਖੂਬੀਆਂ ਹਨ ਜਿਹੜੀਆਂ ਹਨੇਰੇ ਵਿੱਚੋਂ ਚਾਨਣ ਵਿਚ ਬਦਲ ਦੇਣੀਆਂ ਹਨ। ਪਹਿਲੀ ਪਛਾਣ ''ਭਲਿਆਈ'' ਹੈ। ਕੜਵਾਹਟ ਦੀ ਥਾਂ (4:31) ਸਾਡੀਆਂ ਜ਼ਿੰਦਗੀਆਂ ਹੁਦ ਸਰਗਰਮ ਪਰੋਪਕਾਰ ਨਾਲ ਭਰੀਆਂ ਹਨ। ਅਸੀਂ ਦੂਜਿਆਂ ਦੀਆਂ ਜ਼ਿੰਦਗੀਆਂ ਵਿਚ ਉਨ੍ਹਾਂ ਦੀਆਂ ਲੋੜਾਂ ਨੂੰ ਭਾਲ ਕੇ ਉਨ੍ਹਾਂ ਨੂੰ ਪੂਰਾ ਕਰਦੇ ਹਾਂ। ਦੂਜਾ, ''ਚਾਨਣ ਦੇ ਪੁੱਤਰਾਂ'' ਦੀ ਪਛਾਣ ਹੁਣ ''ਧਰਮ'' ਨਾਲ ਵੀ ਹੁੰਦੀ ਹੈ। ਅਸੀਂ ਉਹ ਹੀ ਕਰਦੇ ਹਾਂ ਜੋ ਸਹੀ ਹੈ ਕਿਉਂ ਜੋ ਅਜਿਹਾ ਕਰਨ ਨਾਲ ਖ਼ੁਦਾ ਨੂੰ ਵਡਿਆਈ ਮਿਲਦੀ ਹੈ। ਹੁਣ ਜਦ ਕਿ ਅਸੀਂ ਉਵੇਂ ਵੇਖ ਸਕਦੇ ਹਾਂ ਜਿਵੇਂ ਖ਼ੁਦਾ ਵੇਖਦਾ ਹੈ ਅਤੇ ਉਵੇਂ ਨਿਆਂ ਕਰ ਸਕਦੇ ਹਾਂ ਜਿਵੇਂ ਉਹ ਨਿਆਂ ਕਰਦਾ ਹੈ ਤਾਂ ਸਾਨੂੰ ਉਵੇਂ ਹੀ ਰਹਿਣਾ ਚਾਹੀਦਾ ਹੈ ਜਿਵੇਂ ਉਹ ਚਾਹੁੰਦਾ ਹੈ ਕਿ ਅਸੀਂ ਰਹੀਏ। ਚਾਨਣ ਦਾ ਤੀਜਾ ਫ਼ਲ ''ਸਚਿਆਈ'' ਹੈ। ਪੁਰਾਣੀ ਜ਼ਿੰਦਗੀ ਕਪਟ ਅਤੇ ਝੂਠ ਨਾਲ ਭਰੀ ਹੋਈ ਹੈ। ਹੁਣ ਸਾਨੂੰ ਸਚਿਆਈ, ਵਫ਼ਾਦਾਰੀ ਅਤੇ ਇਮਾਨਦਾਰੀ ਅਤੇ ਭਰੋਸੇਯੋਗਤਾ ਵਾਲੀ ਜ਼ਿੰਦਗੀ ਜੀਣੀ ਜ਼ਰੂਰੀ ਹੈ। ਅਸੀਂ ਚਾਨਣ ਦੇ ਪੁੱਤਰ ਧਰਮ ਦੇ ਕੰਮ ਕਰਨ ਨਾਲ ਨਹੀਂ ਬਣਦੇ ਹਾਂ। ਇਹ ਬਿਲਕੁਲ ਉਲਟ ਹੈ। ਕੁਝ ਲੋਕਾਂ ਦੇ ਮਨਾਂ ਵਿਚ ਇਹ ਗਲਤ ਧਾਰਣਾ ਹੈ ਕਿ ਜੇ ਉਹ ਐਨੀ ਕੁ ਭਲਿਆਈ ਕਰ ਲੈਣ ਤਾਂ ਉਹ ਬਚਾਏ ਜਾਣਗੇ। ਹਕੀਕਤ ਇਹ ਹੈ ਕਿ ਪਹਿਲਾਂ ਅਸੀਂ ਚਾਨਣ ਦੇ ਪੁੱਤਰ ਬਣਦੇ ਹਾਂ ਅਤੇ ਫੇਰ ਸਾਡੇ ਅੰਦਰ ਭਲਿਆਈ, ਧਰਮ ਅਤੇ ਸਚਿਆਈ ਦਾ ਫ਼ਲ ਆਉਂਦਾ ਹੈ। ਇਹ ਬਚਾਏ ਹੋਣ ਦੇ ਨਤੀਜਾ ਹਨ ਨਾ ਕਿ ਕਾਰਣ।

(2) ਸਾਨੂੰ ਹੁਕਮ। ''ਹਨੇਰੇ ਦੇ ਅਫ਼ੱਲ ਕਾਰਜਾਂ ਵਿਚ ਸਾਂਝੀ ਨਾ ਹੋਵੋ'' (5:11)। ਦੋ ਵਾਰ ਪੌਲੁਸ ਨੇ ਉਨ੍ਹਾਂ ਅਫ਼ੱਲ ਕੰਮਾਂ ਦੀ ਫਹਰਿਸ ਦਿੱਤੀ ਜਿਨ੍ਹਾਂ ਤੋਂ ਮਸੀਹੀ ਲੋਕਾਂ ਨੂੰ ਬਚਨ ਦਾ ਹੁਕਮ ਦਿੱਤਾ ਗਿਆ ਹੈ (4:17–31; 5:3, 4)। ਸਾਨੂੰ ਹਨੇਰੇ ਵਿਚ ਰਹਿਣ ਵਾਲਿਆਂ ਨਾਲ ਸੰਗਤੀ ਨਹੀਂ ਕਰਨੀ ਚਾਹੀਦੀ।

ਅਜਿਹੇ ਕੰਮਾਂ ਤੋਂ ਬਚਣ ਦੀ ਸਾਡੀ ਲੋੜ ਦਾ ਕਾਰਣ ਇਹ ਹੈ ਕਿ ਉਹ ''ਅਫ਼ਲ'' ਹਨ ਪੌਲੁਸ ਨੇ ਇਕ ਕਿਸਮ ਦੇ ਫ਼ਲ ਨੂੰ ਦੂਜੀ ਕਿਸਮ ਦੇ ਫ਼ਲ ਵਿਚ ਫ਼ਰਕ ਨਹੀਂ ਕੀਤਾ। ਇਹ ਤਾਂ ਫ਼ਲ ਹੋਣ ਅਤੇ ਫ਼ਲ ਨਾ ਹੋਣ ਵਿਚ ਫ਼ਰਕ ਹੈ। ਪੁਰਾਣੀ ਜ਼ਿੰਦਗੀ ਦੇ ਕੰਮ ਅਫੱਲ ਅਤੇ ਬੰਜਰ ਹਨ। ਉਸ; ਜ਼ਿੰਦਗੀ ਵਿਚ ਹਮੇਸ਼ਾ ਰਹਿਣ ਵਾਲੀ ਸ਼ਾਂਤੀ ਜਾਂ ਸੰਤੁਸ਼ਟੀ ਨਹੀਂ ਹੈ ਅਫ਼ੱਲ ਕੰਮ ਸਾਨੂੰ ਆਪਣੀ ਕਾਬਲੀਅਤ ਦੇ ਅਨੁਸਾਰ ਜੀਣ ਵਿਚ ਮਦਦ ਨਹੀਂ ਕਰਦੇ। ਪਾਪ ਭਰੇ ਕੰਮ ਬਹੁਤ ਵਾਧੇ ਕਰਦੇ ਹੋਏ ਚੱਲਦੇ ਹਨ ਪਰ ਸਮਾਂ ਉਨ੍ਹਾਂ ਨੂੰ ਖੋਖਲੇ ਦਾਅਵੇ ਸਾਬਤ ਕਰ ਦਿੰਦਾ ਹੈ।

ਹੁਕਮ ਸਾਫ਼ ਹੈ ਕਿਅ ਸੀਂ ਹਨੇਰੇ ਦੇ ਪ੍ਰਬੰਧ ਨਾਲ ਕੋਈ ਸਬੰਧ ਨਾਲ ਰੱਖੀਏ। ਖ਼ੁਦਾ ਦੀ ਰੀਸ ਕਰਨ ਵਾਲਿਆਂ ਦੇ ਰੂਪ ਵਿਚ ਸਾਨੂੰ ਚਾਨਣ ਵਿਚ ਚੱਲਣਾ ਜ਼ਰੂਰੀ ਹੈ ਜਿਹੜਾ ਸਾਨੂੰ ਦਿੱਤਾ ਗਿਆ ਹੈ।

(3) ਸਾਨੂੰ ਆਦੇਸ਼। ''ਪਰ ਉਨ੍ਹਾਂ ਨੂੰ ਨੰਗਿਆਂ ਕਰੋ। ਕਿਉਂਕਿ ਜਿਹੜੇ ਕੰਮ ਗੁਪਤ ਵਿਚ ਉਨ੍ਹਾਂ ਤੋਂ ਹੁੰਦੇ ਹਨ ਉਨ੍ਹਾਂ ਦੀ ਗੱਲ ਕੀਤਿਆਂ ਵੀ ਸ਼ਰਮ ਆਉਂਦੀ ਹੈ ...'' (5:11–13)। ਹਨੇਰੇ ਦੇ ਕੰਮਾਂ ਤੇ ਸਾਨੂੰ ਆਪਣੇ ਆਪ ਨੂੰ ਸੰਸਾਰ ਤੋਂ ਅਲਹਿਦਾ ਨਹੀਂ ਕਰਨਾ ਹੈ। ਬਲਕਿ ਸਾਨੂੰ ਸੰਸਾਰ ਦੇ ਹਨੇਰੇ ਉੱਤੇ ਰੌਸ਼ਨੀ ਪਾਉਣ ਲਈ ਆਖਿਆ ਗਿਆ ਹੈ। ਸੰਸਾਰ ਨੂੰ ਇਹ ਪਤਾ ਨਹੀਂ ਹੈ ਕਿ ਸਹੀ ਢੰਗ ਨਾਲ ਕੰਮ ਕਿਵੇਂ ਕਰਨਾ ਹੈ ਕਿਉਂਕਿ ਇਹ ਹਨੇਰੇ ਵਿਚ ਰਹਿੰਦਾ ਹੈ। ਸਾਨੂੰ ਇਹ ਸਮਝਾਉਂਦਿਆਂ ਕਿ ਜਿਵੇਂ ਅਸੀਂ ਕਰਦੇ ਹਾਂ ਉਵੇਂ ਕਿਵੇਂ ਅਤੇ ਕਿਉਂ ਕਰਨਾ ਹੈ, ਆਪਣੇ ਸੰਸਾਰ ਲਈ ਖ਼ੁਦਾ ਦੀ ਆਖ਼ਰੀ ਇੱਛਾ ਨੂੰ ਵਿਖਾਉਂਦਿਆਂ ਹੁਕਮ ਦਿੱਤਾ ਗਿਆ ਹੈ।

ਹੁਕਮ ਦਾ ਪਾਲਣ ਕਰਨ ਲਈ ਲੋਕਾਂ ਨਾਲ ਗੱਲ ਕਰਨਾ ਜ਼ਰੂਰੀ ਹੈ ਕਿ ਜੋ ਉਹ ਕਰ ਰਹੇ ਹਨ ਉਹ ਗਲਤ ਹੈ, ਜੋ ਕਿ ਅਸਾਨ ਨਹੀਂ ਹੈ। ਯੂਹੰਨਾ ਨੇ ਆਖਿਆ, ''ਅਤੇ ਦੋਸ਼ੀ ਠਹਿਰਨ ਦਾ ਇਹ ਕਾਰਣ ਹੈ ਕਿ ਚਾਨਣ ਜਗਤ ਵਿਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ। ਹਰੇਕ ਜੋ ਮੰਦੇ ਕੰਮ ਕਰਦਾ ਹੈ ਸੋ ਚਾਨਣ ਨਾਲ ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਐਉਂ ਨਾ ਹੋਵੇ ਜੋ ਉਹ ਦੇ ਕੰਮ ਜ਼ਾਹਰ ਹੋਣ'' (ਯੂਹੰਨਾ 3:19, 20)।

ਸਾਰ। ਸਾਨੂੰ ਇਕ ਦੁਸ਼ਟ ਸੰਸਾਰ ਵਿਚ ਖ਼ੁਦਾ ਦੀ ਨਕਲ ਕਰਨ ਲਈ ਸੱਦਿਆ ਗਿਆ ਹੈ। ਇਸ ਦਾ ਮਤਲਬ ਉਨ੍ਹਾਂ ਲੋਕਾਂ ਕੋਲ ਚਾਨਣ ਅਤੇ ਪ੍ਰੇਮ ਨੂੰ ਲਿਜਾਣ ਵਾਲੇ ਬਣਨਾ ਹੈ ਜਿਹੜੇ ਇਨ੍ਹਾਂ ਵਿੱਚੋਂ ਕਿਸੇ ਤੋਂ ਵੀ ਵਾਕਫ਼ ਨਹੀਂ ਹਨ। ਅਸੀਂ ਦੂਜਿਆਂ ਲਈ ''ਤੇਰੇ ਨਾਲੋਂ ਪਵਿੱਤਰ'' ਵਿਹਾਰ ਨੂੰ ਵਧਾਵਾ ਦੇਣ ਦੀ ਗੱਲ ਨਹੀਂ ਕਰਾਂਗੇ। ਅਸੀਂ ਪਾਪ ਨੂੰ ਇਸ ਤਰ੍ਹਾਂ ਨਾਲ ਸਾਹਮਣੇ ਲਿਆਉਂਦੇ ਹੋਏ ਕਿ ਲੋਕ ਤੌਬਾ ਕਰਨ ਲਈ ਅੱਗੇ ਆਉਣ, ਪ੍ਰੇਮ ਨਾਲ ਸੱਚ ਦੱਸਣ ਦੀ ਗੱਲ ਕਰਾਂਗੇ। ਜਦ ਅਸੀਂ ਅਜਿਹਾ ਕਰਦੇ ਹਾਂ ਤਾਂ ਸਚਮੁਚ ਸੁਰਗ ਵਿਚ ਆਪਣੇ ਪਿਤਾ ਵਰਗੇ ਬਣ ਰਹੇ ਹੁੰਦੇ ਹਾਂ।

ਕ੍ਰਿਸ ਬੁਲਰਡ

---

ਟਿੱਪਣੀਆਂ

[1]ਐਂਡ੍ਰਿਊ ਟੀ. ਲਿੰਕਨ, *ਇਫ਼ੀਸੀਅੰਜ਼,* ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 326. [2]ਯਸਾਯਾਹ 9:2; 60:1, 2; ਯੂਹੰਨਾ 1:4–9; 3:19–21; 8:12; 9:5; 12:35–46; 1 ਯੂਹੰਨਾ 1:5; 2:8. [3]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੌਰਡੈਂਸ ਟੂ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 338. [4]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੂਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1991), 884, 904. [5]ਲਿੰਕਨ, 328. [6]ਜ਼ੋਡਿਏਟਸ, 906. [7]ਲਿੰਕਨ, 329. [8]ਉਹੀ, 330. [9] *''ਦ ਐਪਿਸਟਲ ਟੂ ਦ ਇਫ਼ੀਸ਼ੀਅੰਜ਼,''* ਦ ਐਕਸਪੋਜ਼ਿਟਰ'ਜ਼ ਗ੍ਰੀਕ ਟੈਸਟਾਮੈਂਟ, ਸੰਪਾ. ਡਬਲਯੂ. ਰੌਬਰਟਸਨ ਨਿਕੋਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 3:358 ਵਿਚ ਐਸ. ਡੀ. ਐਫ਼. ਸੈਲਮੰਡ, ''ਦ ਐਪਿਸਟਲ ਟੂ ਦ ਇਫ਼ੀਸ਼ੀਅੰਜ਼।'' [10]ਉਹੀ, 360.

[11]ਲਿੰਕਨ, 335. [12]ਖ਼ੁਦਾ ਦੀ ਮੁਕਤੀ ਅਤੇ ਉਸ ਦੇ ਨਿਆਂ ਵਿਚ ਪੁਰਾਣੇ ਨੇਮ ਦੇ ਫ਼ਰਕਾਂ ਲਈ ਵੇਖੋ ਯਸਾਯਾਹ 9:2; 10:17; 42:6, 7, 16; 47:5; 60:1–3. ਖ਼ੁਦਾ ਦੀ ਸਮਰੱਥਾ ਅਤੇ ਸ਼ੈਤਾਨ ਦੀ ਸਮਰੱਥਾ ਅਤੇ ਖ਼ੁਦਾ ਦੇ ਲੋਕਾਂ ਅਤੇ ਜਿਹੜੇ ਖ਼ੁਦਾ ਦੇ ਲੋਕ ਨਹੀਂ ਹਨ ਉਨ੍ਹਾਂ ਵਿਚ ਨਵੇਂ ਨੇਮ ਦੇ ਫ਼ਰਕਾਂ ਲਈ ਵੇਖੋ ਰਸੂਲਾਂ ਦੇ ਕੰਮ 26:18; ਕੁਲੁੱਸੀਆਂ 1:12, 13; 1 ਪਤਰਸ 2:9, 10.